

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁ. ☐ ਅਕਤੂਬਰ 1997

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 10 ਸਾਲ ਨੌਵਾਂ ਅਕਤੂਬਰ 1997



**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696



| | |
|---|---|
| ਮਿਤ੍ਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦਾ ਗੁਰਬਾਣੀ ਕੀਰਤਨ ਅਤੇ ਸੰਗੀਤ ਪ੍ਰੇਮ -ਡਾ. ਮਿਸ. ਮਨਵਿੰਦਰ ਕੌਰ | 4 |
| ਮੇਰਾ ਕੀਰਤਨ ਅਨੁਭਵ -ਡਾ. ਕਰਨੈਲ ਸਿੰਘ ਸੋਮਲ | 6 |
| ਮੇਰੀ ਅਮਰੀਕਾ ਯਾਤਰਾ -ਡਾ. ਜਾਗੀਰ ਸਿੰਘ | 9 |
| ਤਬਲੇ ਦੇ ਬੋਲ | 14 |
| ਸਾਵਲ ਸੁੰਦਰ ਰਾਮਈਆ -ਹਰਚਰਨ ਸਿੰਘ ਕਲਕੱਤਾ | 16 |
| ਗੁਰਬਾਣੀ ਸੰਗੀਤ ਦਰਪਣ -ਹਰਭਜਨ ਸਿੰਘ ਬਟਾਲਵੀ | 18 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ -ਸ੍ਰ. ਮਨਮੋਹਨ ਸਿੰਘ | 20 |
| ਰਾਗ ਸੂਹੀ ਤਾਲ ਰੂਪਕ -ਪ੍ਰੋ. ਪਰਮਜੋਤ ਸਿੰਘ | 21 |
| ਬਿੰਦ੍ਰਾਵਨੀ ਸਾਰੰਗ -ਸ੍ਰ. ਰਾਜਿੰਦਰ ਸਿੰਘ | 22 |
| ਜੰਤਰੀ ਮਹੀਨਾ ਅਕਤੂਬਰ | 24 |


ਕਵਰ ਚਿਤਰ- ਅਮਰਜੀਤ ਸਿੰਘ ਵਾਲੀਆ

| ਚੰਦੇ ਦਾ ਵੇਰਵਾ : | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452


| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿੱਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 6000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 4000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1000 ਰੁ. |


■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


*-ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਪ੍ਰਿੰਟਰ ਤੇ ਪਬਲਿਸ਼ਰ ਨੇ ਡੀ.ਬੀ. ਪ੍ਰਿੰਟਰਜ਼ S.C.O. 60, ਫੇਸ 3-ਬੀ-2, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।*

# ਮਿਤ੍ਰ ਅਸਾਡੜੇ ਸੇਈ

★ ਜੁਲਾਈ ਦੇ 'ਕਰਉ ਬੇਨੰਤੀਆਂ' ਵਿੱਚ ਸੰਗੀਤ ਹਿੰਦੀ 'ਹਾਥਰਸ' ਦੁਆਰਾ ਪ੍ਰਕਾਸ਼ਿਤ 'ਗੁਰਮਤਿ ਸੰਗੀਤ ਅੰਕ' ਸਬੰਧੀ ਜਾਣ ਕੇ ਬਹੁਤ ਖੁਸ਼ੀ ਹੋਈ । ਮੈਂ ਆਪ ਦੇ ਲਿਖਣ ਅਨੁਸਾਰ ਉਹਨਾਂ ਨੂੰ ਵਧਾਈ ਦਿੱਤੀ ਹੈ ਅਤੇ ਧੰਨਵਾਦ ਵੀ ਕੀਤਾ ਹੈ । 'ਅੰਮ੍ਰਿਤ ਕੀਰਤਨ' ਦੀ ਨਵੀਂ ਦਿਖ ਬਹੁਤ ਹੀ ਦਿਲਖਿਚਵੀਂ ਹੈ ।

ਕਲਕਤਾ — ਹਰਚਰਨ ਸਿੰਘ

★ 'ਅੰਮ੍ਰਿਤ ਕੀਰਤਨ' ਗੁਰਬਾਣੀ ਅਤੇ ਕੀਰਤਨ ਬਾਰੇ ਭਰਪੂਰ ਜਾਣਕਾਰੀ ਦੇ ਰਿਹਾ ਹੈ । ਜੁਲਾਈ ਅੰਕ ਵਿਚ 'ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ' ਖੋਜ ਭਰਪੂਰ ਸੀ । 'ਭਾਈ ਸਾਹਿਬ ਭਾਈ ਜੁਆਲਾ ਸਿੰਘ ਰਾਗੀ' ਲੇਖ ਵੀ ਪੁਰਾਣੀਆਂ ਯਾਦਾਂ ਤਾਜ਼ਾ ਕਰ ਗਿਆ ।

ਨਵੀਂ ਦਿਲੀ — ਨਰਿੰਦਰਪਾਲ ਸਿੰਘ

★ ਜਿਥੇ ਅਸੀਂ ਕੀਰਤਨ ਸੁਣਦੇ ਹਾਂ, ਕੀਰਤਨ ਦਾ ਰਸ ਮਾਣਦੇ ਹਾਂ ਉਥੇ 'ਅੰਮ੍ਰਿਤ ਕੀਰਤਨ' ਪਰਚਾ ਪੜ੍ਹ ਕੇ, ਸੁਰ ਸ਼ਬਦ ਸੰਗੀਤ ਦੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ ਮਨ ਵਿੱਚ ਇੱਕ ਹੋਰ ਖਿੱਚ ਪੈਦਾ ਹੁੰਦੀ ਹੈ, ਇੱਕ ਤਾਂਘ ਬਣੀ ਰਹਿੰਦੀ ਹੈ ਆਪਣੇ ਵਿਰਸੇ ਦੇ ਬਾਰੇ ਜਾਣਨ ਲਈ । ਸਤੰਬਰ ਮਹੀਨੇ ਦੇ 'ਅੰਮ੍ਰਿਤ ਕੀਰਤਨ' ਵਿੱਚ ਉਸਤਾਦ ਜੋਗਿੰਦਰ ਸਿੰਘ ਯੋਗੀ ਬੰਬਈ ਦੇ ਲਿਖੇ 'ਸੁਰਾਂ ਦੇ ਅਰਥ' ਪੜ੍ਹ ਕੇ ਇਤਨੀ ਖੁਸ਼ੀ ਹੋਈ ਕਿ ਰਿਹਾ ਨਹੀਂ ਗਿਆ । ਧੰਨਵਾਦ ਕਰਨ ਲਈ ਕਲਮ ਚੁਕਣੀ ਪਈ । ਯੋਗੀ ਜੀ ਅਤੇ ਅੰਮ੍ਰਿਤ ਕੀਰਤਨ ਦਾ ਬਹੁਤ ਬਹੁਤ ਧੰਨਵਾਦ ।

ਰਾਜਿੰਦਰ ਨਗਰ, ਨਵੀਂ ਦਿਲੀ — ਆਵਤ ਸਿੰਘ

★ 'ਅੰਮ੍ਰਿਤ ਕੀਰਤਨ' ਦਿਲਚਸਪ ਅਤੇ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ ਹੈ । ਇਸ ਦੀ ਚੜ੍ਹਦੀ ਕਲਾ ਅਸੀਂ ਸਦਾ ਅਰਦਾਸ ਕਰਦੇ ਹਾਂ ।

ਚੰਡੀਗੜ੍ਹ — ਗੁਰਦਿਆਲ ਸਿੰਘ
ਆਈ. ਜੀ. (ਰਿਟਾਇਰ)

★ 'ਅੰਮ੍ਰਿਤ ਕੀਰਤਨ' ਦੁਆਰਾ 'ਗੁਰਬਾਣੀ ਸੰਗੀਤ' ਬਾਰੇ ਭਰਪੂਰ ਜਾਣਕਾਰੀ ਮਿਲ ਰਹੀ ਹੈ । ਲੇਖਕਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਮਨ ਅਨੰਦਿਤ ਹੋ ਜਾਂਦਾ ਹੈ ।

ਕਿਹੜੇ ਕਿਹੜੇ ਲੇਖ ਦੀ ਤਾਰੀਫ ਕਰਾਂ ? ਕੁਝ ਲੇਖ ਦਿਲਾਂ ਨੂੰ ਖਿੱਚਦੇ ਹਨ ਕੁਝ ਮਨ ਅਥਵਾ ਬੁੱਧੀ ਨੂੰ । ਬੇਸ਼ਕ ਕੋਈ ਲੇਖ ਦਿਲ ਨੂੰ ਛੋਹੇ ਜਾਂ ਮਨ ਨੂੰ ਸੁਰਤੀ ਦੇਵੇ ਉਚੇਰੀ ਰੱਖਦੇ ਹਨ । ਸੋ ਆਪ ਜੀ ਦਾ ਉਦਮ ਹਰ ਪੱਖੋਂ ਸਲਾਹੁਣਯੋਗ ਹੈ । ਪਰਚੇ ਵਿਚ ਛਪਣ ਵਾਲੇ ਸਾਰੇ ਲੇਖਕ ਸਾਡੇ ਧੰਨਵਾਦ ਦੇ ਪਾਤਰ ਹਨ ।

ਇਹ ਪੜ੍ਹ ਕੇ ਹੈਰਾਨੀ ਹੋਈ ਕਿ ਆਪ ਜੀ ਦਾ ਥੀਸਿਸ 17 ਸਾਲਾਂ ਤੋਂ ਛਪਣ ਲਈ ਕਿਸੇ ਸੰਸਥਾ ਪਾਸ ਪਿਆ ਹੈ । ਜੇਕਰ ਸਬੰਧਤ ਸੰਸਥਾ ਦੀ ਕੋਈ ਮਜ਼ਬੂਰੀ ਹੈ, ਤਾਂ ਆਪਣਾ ਥੀਸਿਸ ਵਾਪਸ ਲੈ ਕੇ ਖੁਦ ਛਾਪ ਦਿਓ । ਆਪ ਦੀ ਵਡਮੁੱਲੀ ਖੋਜ ਗੁਰਬਾਣੀ ਦੇ ਰਸੀਆ ਅਤੇ ਗੁਰਮਤਿ ਦੇ ਖੋਜੀਆਂ ਤੱਕ ਪਹੁੰਚਣੀ ਚਾਹੀਦੀ ਹੈ । ਵੈਸੇ ਪਾਠਕਾਂ ਦੀ ਮੁੱਢਲੀ ਜਾਣਕਾਰੀ ਲਈ 'ਸੰਗੀਤ ਸਿੱਖਿਆ' ਦੇ ਸਿਰਲੇਖ ਹੇਠ ਹਰ ਮਹੀਨੇ ਲੇਖ ਛਾਪਣ ਦੀ ਲੜੀ ਜਾਰੀ ਰੱਖਣਾ । ਆਪ ਨੇ 'ਗੁਰਬਾਣੀ ਸੰਗੀਤ' ਬਾਰੇ ਛਪੀਆਂ ਪੁਸਤਕਾਂ ਦੀ ਸੂਚੀ ਪ੍ਰਕਾਸ਼ਿਤ ਕਰਕੇ ਬਹੁਤ ਉਪਕਾਰ ਕੀਤਾ ਹੈ । ਸੰਗੀਤ ਲਿੱਪੀ-ਚਿੰਨ ਪ੍ਰਚਲਿਤ ਕਰਨ ਵਿਚ ਵੀ ਆਪ ਜੀ ਦਾ ਯੋਗਦਾਨ ਸਲਾਹੁਣਯੋਗ ਹੈ ।

ਪਰਚੇ ਦੀ ਛਪਾਈ ਦੌਰਾਨ ਪਰੂਫ-ਰੀਡਿੰਗ ਹੋਰ ਚੌਕਸੀ ਨਾਲ ਕਰਵਾਉਣ ਦੀ ਲੋੜ ਹੈ, ਕਿਉਂਕਿ ਪਰਚੇ ਵਿੱਚ ਗੁਰਬਾਣੀ ਵੀ ਛਪਦੀ ਹੈ ।

ਚੰਡੀਗੜ੍ਹ — ਬਲਬੀਰ ਸਿੰਘ ਦਿਲ

★ ਆਪ ਜੀ ਦਾ ਭੇਜਿਆ 'ਅੰਮ੍ਰਿਤ ਕੀਰਤਨ' ਅਗਸਤ ਅੰਕ ਪੁੱਜਾ । ਬੜੀ ਖੁਸ਼ੀ ਹੋਈ । ਇਸ ਵਿੱਚ ਕੀਰਤਨੀਆਂ ਦੇ ਜਿਹੜੇ ਗੁਣਾਂ ਬਾਰੇ ਆਪ ਨੇ ਪ੍ਰਕਾਸ਼ਿਤ ਕੀਤਾ ਹੈ ਉਹਨਾਂ ਮੈਨੂੰ ਝੰਜੋੜ ਕੇ ਰੱਖ ਦਿੱਤਾ ਹੈ । ਮਨ ਕੀਤਾ ਕਿ ਤੁਹਾਡਾ ਧੰਨਵਾਦ ਕਰਾਂ ਜੋ ਤੁਸੀਂ 'ਅੰਮ੍ਰਿਤ ਕੀਰਤਨ' ਰਾਹੀਂ ਕੀਰਤਨੀਏ ਨੂੰ ਜੋੜਨ ਦਾ ਜਤਨ ਕਰਦੇ ਹੋ ।

ਲਖਨਊ — ਹਰਬੰਸ ਸਿੰਘ
ਪ੍ਰਧਾਨ, ਕੀਰਤਨ ਵਿਭਾਗ,
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

★ 'ਅੰਮ੍ਰਿਤ ਕੀਰਤਨ' ਕੀਰਤਨ ਦਾ ਅਮੋਲਕ ਖਜ਼ਾਨਾ ਹੈ । ਇਹ ਮੈਗਜ਼ੀਨ ਸੰਗੀਤ ਸਿਖਲਾਈ ਲਈ ਬਹੁਤ ਲਾਭਦਾਇਕ ਹੈ । ਇਸ ਦੇ ਲੇਖ ਅਤੇ ਪ੍ਰਸ਼ਨਾਵਲੀ ਪ੍ਰੇਰਨਾ ਦੇਣ ਵਾਲੀ ਹੁੰਦੀ ਹੈ ।

ਪਾਉਂਟਾ ਸਾਹਿਬ — ਭਾਈ ਮਹਿੰਦਰ ਸਿੰਘ, ਪਟਨੇ ਵਾਲੇ
ਗੁਰੂ ਰਾਮਦਾਸ ਸੰਗੀਤ ਅਕੈਡਮੀ

★ ਅਗਸਤ ਦੇ ਮੈਗਜ਼ੀਨ ਵਿੱਚ ਮੈਂ ਖੁਸ਼ ਹਾਂ, ਅੰਮ੍ਰਿਤ ਦੀਆਂ ਕਰਾਮਾਤਾਂ ਅਤੇ ਕੀਰਤਨੀਏ ਦੇ ਗੁਣ ਵਧੀਆ ਸਮੱਗਰੀ ਸੀ । ਬੰਦਸ਼ਾਂ ਵੀ ਖੂਬਸੂਰਤ ਸਨ ।

ਮਲੋਟ — ਪ੍ਰੋ. ਮ. ਸ. ਸਚਦੇਵਾ

ਤੁਹਾਡੀ ਲਗਨ, ਗੰਭੀਰਤਾ ਤੇ ਮੰਜ਼ਿਲ ਪ੍ਰਤੀ ਇਕਾਗਰਤਾ ਮੈਨੂੰ ਪ੍ਰਭਾਵਿਤ ਕਰਦੀ ਹੈ । ਵਾਹਿਗੁਰੂ ਤੁਹਾਡੇ ਹਮੇਸ਼ਾ ਅੰਗ ਸੰਗ ਰਹੇ । ਕੀਰਤਨੀਆਂ ਦੀ ਇੱਕ ਅੰਤਰਰਾਸ਼ਟਰੀ ਸੰਸਥਾ ਬਣਾਉਣ ਬਾਰੇ ਵਿਚਾਰ ਕਰੋ । ਸਾਰੇ ਰਾਗੀਆਂ ਦੀ ਇੱਕ ਡਾਇਰੈਕਟਰੀ ਛਾਪੋ । ਗੁਰਮਤਿ ਸੰਗੀਤ ਤੇ ਕੀਰਤਨ ਉਪਰ ਸੈਮੀਨਾਰ ਕਰਵਾਓ ! ਕੀਰਤਨੀਆਂ ਦੇ ਕੈਂਪ ਲਗਵਾਓ ! ਕੀਰਤਨੀਆਂ ਲਈ ਲਗਾਤਾਰ ਸਿਖਲਾਈ ਦੇ ਸੈਂਟਰ ਖੋਲੋ ਜੋ ਪੁਰਾਣੇ ਕੀਰਤਨੀਆਂ ਨੂੰ ਨਵੇਂ ਕੀਰਤਨੀਆਂ ਅਤੇ ਨਵੇਂ ਮਾਧਿਅਮ ਨਾਲ ਜੋੜ ਸਕੇ ।

ਨਿਊਯਾਰਕ, U.S.A. — ਕੁਲਦੀਪ ਸਿੰਘ

★ ਸਤੰਬਰ ਦੇ ਅੰਕ ਵਿਚ ਆਪ ਦਾ ਸੰਪਾਦਕੀ ਪ੍ਰੇਰਨਾਦਾਇਕ ਸੀ । ਡਾ. ਹਰਿਭਜਨ ਸਿੰਘ, ਸੁਰਜੀਤ ਸਿੰਘ ਕੁੰਜਾਹੀ ਤੇ ਜਗਜੀਤ ਸਿੰਘ ਜਾਬੇਵਾਲ ਦੇ ਲੇਖ ਚੰਗੇ ਲਗੇ । ਟੀ ਸਿਰੀਜ਼ ਦੇ ਮਾਲਕ ਸ੍ਰੀ ਗੁਲਸ਼ਨ ਕੁਮਾਰ ਦੀ ਮੌਤ ਦਾ ਸਾਨੂੰ ਸਾਰਿਆਂ ਨੂੰ ਦੁਖ ਹੈ । ਮਸ਼ਹੂਰ ਗਾਇਕ ਨੁਸਰਤ ਫਤਹਿ ਅਲੀ ਖਾਂ ਦੀ ਮੌਤ ਨਾਲ ਸੰਗੀਤ ਜਗਤ ਨੂੰ ਬਹੁਤ ਘਾਟਾ ਪਿਆ ਹੈ ।

ਮਲੋਟ — ਮੰਗਤ ਸਿੰਘ ਮਸਤਾਨਾ

# ਕਰਉ ਬੇਨੰਤੀਆ

# ਹੋਰ ਹੰਭਲਾ ਮਾਰੋ

ਸਾਡੇ ਬਹੁਤ ਸਾਰੇ ਦੋਸਤ ਮਿੱਤਰ ਹਨ ਜਿਹੜੇ 'ਅੰਮ੍ਰਿਤ ਕੀਰਤਨ' ਦੀ ਬਿਹਤਰੀ ਲਈ ਸੋਚਦੇ ਰਹਿੰਦੇ ਹਨ। ਉਹਨਾਂ ਦੀ ਇੱਛਾ ਹੁੰਦੀ ਹੈ ਕਿ 'ਅੰਮ੍ਰਿਤ ਕੀਰਤਨ' ਵੇਖਣ ਨੂੰ ਚੰਗਾ ਲੱਗੇ। ਇਸ ਵਿੱਚ ਮੈਟਰ ਵਧੀਆ ਹੋਵੇ, ਪੰਨੇ ਵੱਧ ਹੋਣ, ਮਾਇਕ ਪੱਖੋਂ ਇਹ ਆਪਣੇ ਪੈਰਾਂ ਤੇ ਖੜਾ ਹੋਵੇ ਤੇ ਇਸ ਦੀ ਗਿਣਤੀ ਵੀ ਲੱਖਾਂ ਵਿੱਚ ਹੋਵੇ ਆਦਿ ਆਦਿ।

ਸਾਡੇ ਇੱਕ ਮਿੱਤਰ ਹਨ ਜਿਹਨਾਂ ਨੇ ਕਦੀ ਲੋਕ ਸੰਪਰਕ ਮਹਿਕਮੇ ਵਿੱਚ ਕੰਮ ਕੀਤਾ ਸੀ। ਮੈਂ ਉਹਨਾਂ ਕੋਲ ਗਿਆ ਤੇ ਕਿਹਾ, "ਵੀਰ ਜੀ 'ਅੰਮ੍ਰਿਤ ਕੀਰਤਨ' ਲਈ ਕੋਈ ਇਸ਼ਤਿਹਾਰ ਦਿਵਾਓ'।

ਉਹ ਕਹਿਣ ਲੱਗੇ, "ਇਸ ਛੋਟੇ ਸਾਈਜ਼ ਦੇ ਮੈਗਜ਼ੀਨ ਨੂੰ ਕੋਈ ਇਸ਼ਤਿਹਾਰ ਨਹੀਂ ਦਿੰਦਾ। ਮੈਗਜ਼ੀਨ ਦਾ ਆਕਾਰ ਵੱਡਾ ਕਰੋ ਤਾਂ ਇਸ਼ਤਿਹਾਰਾਂ ਦੀ ਭਰਮਾਰ ਲਗਾ ਦਿਆਂਗੇ" ਅਸੀਂ ਥੋੜਾ ਖਰਚਾ ਵਧਾ ਕੇ ਆਕਾਰ ਵੱਡਾ ਕਰ ਦਿੱਤਾ ਹੈ। ਹੁਣ ਅਸੀਂ ਇਸ਼ਤਿਹਾਰਾਂ ਦੀ ਭਰਮਾਰ ਦੀ ਉਡੀਕ ਕਰ ਰਹੇ ਹਾਂ।

ਸਾਡੇ ਇੱਕ ਬੜੇ ਸੁਹਿਰਦ ਮਿੱਤਰ ਹਨ। ਡਰਾਮੇ ਕਰਦੇ ਹਨ ਤੇ ਫਿਲਮਾਂ ਵੀ ਬਣਾਉਂਦੇ ਹਨ। ਉਹਨਾਂ ਨੇ ਇੱਕ ਵਾਰ ਕਿਹਾ 'ਤੁਹਾਡੇ ਇਸ਼ਤਿਹਾਰਾਂ ਦੇ ਰੇਟ ਬੜੇ ਘੱਟ ਨੇ। ਇਤਨੇ ਘੱਟ ਰੇਟ ਤੇ ਇਸ਼ਤਿਹਾਰਾਂ ਲਈ ਕਿਸੇ ਨੂੰ ਕਹਿਣ ਦਾ ਕੀ ਫਾਇਦਾ ?"

ਜਦੋਂ ਮੈਗਜ਼ੀਨ ਦਾ ਆਕਾਰ ਵੱਡਾ ਕੀਤਾ ਤਾਂ ਅਸੀਂ ਇਸ਼ਤਿਹਾਰ ਦੇ ਰੇਟ ਵੀ ਵਧਾ ਦਿੱਤੇ। ਫਿਰ ਉਹਨਾਂ ਕੋਲ ਗਏ, ਕਿ ਹੁਣ ਤਾਂ ਰੇਟ ਵਧ ਗਏ ਹਨ। ਹੁਣ ਕੋਈ ਇਸ਼ਤਿਹਾਰ ਦਿਵਾਓ। ਉਹਨਾਂ ਨੇ ਇਸ਼ਤਿਹਾਰਾਂ ਲਈ ਅਰਜ਼ੀਆਂ ਲੈ ਕੇ ਆਪਣੇ ਕੋਲ ਰੱਖੀਆਂ ਹੋਈਆਂ ਹਨ। ਆਸ ਹੈ ਛੇਤੀ ਹੀ ਸਾਨੂੰ ਇਸ਼ਤਿਹਾਰ ਮਿਲ ਜਾਣਗੇ।

ਸਾਡੇ ਇੱਕ ਮਿੱਤਰ ਹਨ ਉਹਨਾਂ ਦਾ ਕਹਿਣਾ ਹੈ ਕਿ ਮੈਗਜ਼ੀਨ ਨਿਰੋਲ ਕੀਰਤਨ ਨਾਲ ਸੰਬੰਧਤ ਹੋਣਾ ਚਾਹੀਦਾ ਹੈ। ਉਹਨਾਂ ਦੀ ਇੱਛਾ ਸੀ ਕਿ ਇਸ ਵਿੱਚ ਸੰਗੀਤ-ਸਿੱਖਿਆ ਬਾਰੇ ਮੈਟਰ ਦੇਣਾ ਚਾਹੀਦਾ ਹੈ। ਉਹਨਾਂ ਦੀ ਇੱਛਾ ਪੂਰੀ ਕਰ ਰਹੇ ਹਾਂ।

ਇੱਕ ਹੋਰ ਸੁਹਿਰਦ ਹਨ ਉਹ ਚਾਹੁੰਦੇ ਹਨ ਇਸ ਵਿੱਚ ਸਾਖੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇੱਕ ਸੱਜਣ ਚਾਹੁੰਦੇ ਹਨ ਕਿ ਇਸ ਵਿੱਚ ਗੁਰਦੁਆਰਾ ਸਾਹਿਬਾਨ ਦਾ ਵੇਰਵਾ ਤਸਵੀਰਾਂ ਸਹਿਤ ਦੇਣਾ ਚਾਹੀਦਾ ਹੈ। ਇੱਕ ਵੀਰ ਜੀ ਚਾਹੁੰਦੇ ਹਨ ਇਸ ਮੈਗਜ਼ੀਨ ਨੂੰ ਫਰੀ ਵੰਡਣਾ ਚਾਹੀਦਾ ਹੈ। ਸੋ ਜਦੋਂ ਵੀ ਸਾਨੂੰ ਫਰੀ ਕਾਗਜ਼ ਅਤੇ ਫਰੀ ਛਪਾਈ ਕਰਨ ਵਾਲਾ ਪ੍ਰੈੱਸ ਮਿਲ ਗਿਆ ਅਸੀਂ ਇਹ ਮੈਗਜ਼ੀਨ ਫਰੀ ਕਰ ਦਿਆਂਗੇ।

ਸਾਡੇ ਇੱਕ ਮਿੱਤਰ ਚਾਰਟਡ ਅਕਾਊਂਟੈਂਟ ਹਨ। ਬੜੀਆਂ ਵੱਡੀਆਂ ਵੱਡੀਆਂ ਕੰਪਨੀਆਂ ਵਿੱਚ ਉਹਨਾਂ ਦੀ ਗੱਲਬਾਤ ਹੈ। ਉਹ ਕਈ ਸਾਲਾਂ ਤੋਂ ਮਗਰ ਪਏ ਹੋਏ ਸਨ ਕਿ 'ਅੰਮ੍ਰਿਤ ਕੀਰਤਨ ਟ੍ਰਸਟ' ਲਈ ਡੋਨੇਸ਼ਨ ਦੇਣ ਵਾਲੇ ਨੂੰ ਇਨਕਮ ਟੈਕਸ ਤੋਂ ਛੋਟ ਦਿਵਾਈ ਜਾਵੇ। ਸੋ ਹਰਭਜਨ ਸਿੰਘ ਚਾਰਟਡ ਅਕਾਊਂਟੈਂਟ ਜਿਹਨਾਂ ਬਾਰੇ ਮੈਂ ਕਈ ਵਾਰ ਕਿਹਾ ਕਰਦਾ ਹਾਂ ਕਿ ਹਿਸਾਬ ਕਿਤਾਬ ਦੇ ਮਾਮਲੇ ਵਿੱਚ 'ਬਿਨ ਹਰ ਭਜਨ' ਨਹੀਂ ਛੁਟਕਾਰਾ' ਨੇ ਹਿੰਮਤ ਕਰਕੇ ਇਨਕਮ ਟੈਕਸ ਤੋਂ ਇਹ ਰਿਬੇਟ ਵੀ ਦਿਵਾ ਦਿੱਤੀ ਹੈ ਤੇ ਹੁਣ

***Donations made to "AMRIT KIRTAN TRUST" are eligible for exemption under section 80 G of the Income Tax Act, 1961 upto 31.3.99 vide Order No. CIT/PRO/PTA/80G/97-98/4662 dated 3/7-7-1997 issued by the CIT, Patiala***

ਸੋ ਹੁਣ ਤਾਂ 'ਅੰਮ੍ਰਿਤ ਕੀਤਨ ਟ੍ਰਸਟ' ਦੀ ਆਮਦਨੀ ਤੁਸਾਂ ਵਧਾ ਦੇਣੀ ਹੈ ਫਿਰ ਜਿਹੜੇ ਪ੍ਰਾਜੈਕਟ ਤੁਹਾਡੇ ਅਤੇ ਸਾਡੇ ਮਨਾਂ ਵਿੱਚ ਹਨ ਆਪਾਂ ਉਹਨਾਂ ਨੂੰ ਸਾਕਾਰ ਕਰ ਲਵਾਂਗੇ।

ਅਸੀਂ ਤੁਹਾਡੇ ਸਾਰਿਆਂ ਦੇ ਸ਼ੁਕਰ ਗੁਜਾਰ ਹਾਂ। ਸਾਨੂੰ ਪਤਾ ਹੈ ਕਿ ਤੁਸੀਂ ਸਾਰੇ ਹੀ ਸੁਹਿਰਦ ਹੋ। ਤੁਸੀਂ ਸਾਰੇ ਹੀ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਚਾਹੁੰਦੇ ਹੋ। ਇਸ ਕਰਕੇ ਸਾਨੂੰ ਪੱਤਰ ਲਿਖਦੇ ਰਹੋ ਹੋਰ ਮੈਂਬਰ ਬਣਾਉਂਦੇ ਰਹੋ ਅਤੇ ਮਾਇਕ ਪੱਖੋਂ ਵੀ ਸਹਾਇਤਾ ਦੇਣ ਦਿਵਾਉਣ ਲਈ

**ਹੋਰ ਹੰਭਲਾ ਮਾਰੋ**

ਡਾ. ਮਿਸ. ਮਨਵਿੰਦਰ ਕੌਰ

# ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦਾ ਗੁਰਬਾਣੀ ਕੀਰਤਨ ਅਤੇ ਸੰਗੀਤ ਪ੍ਰੇਮ

ਕਪੂਰਥਲਾ ਆਪਣੇ ਸਮੇਂ ਵਿੱਚ ਸੰਗੀਤ ਘਰਾਣੇ ਦੇ ਤੌਰ ਤੇ ਭਾਰਤੀ ਸ਼ਾਸਤ੍ਰੀ ਸੰਗੀਤ ਦੇ ਖੇਤਰ ਵਿੱਚ ਚੰਗੀ ਖਿਆਤੀ ਪ੍ਰਾਪਤ ਕਰ ਚੁੱਕਿਆ ਹੈ। ਕਪੂਰਥਲਾ ਰਿਆਸਤ ਦੇ ਲਗਪੱਗ ਸਾਰੇ ਹੀ ਸ਼ਾਸਕ ਸ਼ਾਸਤ੍ਰੀ ਸੰਗੀਤ ਅਤੇ ਰਾਗ-ਬੱਧ ਗੁਰਬਾਣੀ ਕੀਰਤਨ ਦੇ ਬਹੁਤ ਹੀ ਪ੍ਰੇਮੀ ਬਾਦਸ਼ਾਹ ਹੋਏ ਹਨ। ਜਿਨ੍ਹਾਂ ਨੇ ਸੂਰਬੀਰਤਾ ਦੇ ਨਾਲ ਨਾਲ ਗੁਰਬਾਣੀ ਕੀਰਤਨ ਅਤੇ ਸ਼ਾਸਤ੍ਰੀ ਸੰਗੀਤ ਦੇ ਖੇਤਰ ਵਿੱਚ ਵੀ ਮਹਾਨ ਯੋਗਦਾਨ ਪਾਇਆ। ਗੁਣੀ ਸੰਗੀਤਕਾਰਾਂ ਨੂੰ ਆਪਣੇ ਦਰਬਾਰਾਂ ਵਿੱਚ ਆਸਰਾ ਦੇ ਕੇ ਸੰਗੀਤ ਨੂੰ ਪ੍ਰਫੁੱਲਿਤ ਕੀਤਾ, ਪਰ ਅੱਜ ਇਸ ਰਿਆਸਤ ਦੀ ਭਾਂਤੀ, ਕਪੂਰਥਲੇ ਘਰਾਣੇ ਦਾ ਨਾਮ ਵੀ, ਕੇਵਲ ਇੱਕ ਨਗਰ ਵਜੋਂ, ਹੀ ਇਤਿਹਾਸ ਦੇ ਪੰਨਿਆ ਵਿੱਚ ਰਹਿ ਗਿਆ ਹੈ। ਸੰਗੀਤ ਦਾ ਕਪੂਰਥਲਾ ਘਰਾਣਾ ਹੁਣ ਅਲੋਪ ਹੋ ਚੁੱਕਿਆ ਹੈ ਅਤੇ ਇੱਥੋਂ ਦੇ ਰਾਜਿਆਂ ਮਹਾਰਾਜਿਆਂ ਅਤੇ ਸੰਗੀਤ-ਕਲਾਕਾਰਾਂ ਦੀ ਕੀਰਤੀ ਅਤੇ ਗੁਰਬਾਣੀ ਕੀਰਤਨ ਪ੍ਰੇਮ ਵੀ ਅੱਜ ਕਿਸੇ ਨੂੰ ਯਾਦ ਨਹੀਂ ਜਦ ਕਿ ਪੰਜਾਬ ਦੇ ਦੂਸਰੇ ਘਰਾਣਿਆਂ ਵਾਂਗ ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦਾ ਵੀ ਸੰਗੀਤ ਦੇ ਖੇਤਰ ਵਿੱਚ ਬਹੁਤ ਯੋਗਦਾਨ ਰਿਹਾ ਹੈ। ਜਿਸ ਦਾ ਵਰਨਣ ਮੈਂ ਆਪਣੇ ਇਸ ਲੇਖ ਵਿੱਚ ਕਰ ਰਹੀ ਹਾਂ।

*ਜੱਸਾ ਸਿੰਘ ਆਹਲੂਵਾਲੀਆ :* ਕਪੂਰਥਲਾ ਰਿਆਸਤ ਦੀ ਨੀਂਹ ਜੱਸਾ ਸਿੰਘ ਆਹਲੂਵਾਲੀਆਂ ਦੁਆਰਾ 18ਵੀਂ ਸ਼ਤਾਬਦੀ ਦੇ ਅੰਤਿਮ ਚਰਨ ਵਿੱਚ ਰੱਖੀ ਗਈ ਸੀ, ਪਰ ਸੰਗੀਤ-ਦ੍ਰਿਸ਼ਟੀ ਪੱਖੋਂ-ਕਪੂਰਥਲਾ ਘਰਾਣੇ ਦਾ ਆਰੰਭ ਦਿਵਾਕਰ ਪੰਡਿਤ ਅਤੇ ਸੁਧਾਕਰ ਪੰਡਿਤ (ਸੂਰਜ ਖਾਂ ਚਾਂਦ ਖਾਂ) ਦੁਆਰਾ 16ਵੀਂ ਸ਼ਤਾਬਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸੰਗੀਤ ਦੇ ਇਤਿਹਾਸ ਮੁਤਾਬਕ ਕਪੂਰਥਲਾ ਘਰਾਣੇ ਦਾ ਨਿਰਮਾਣ ਕਪੂਰਥਲਾ ਰਿਆਸਤ ਦੇ ਹੋਂਦ ਵਿੱਚ ਆਉਂਣ ਤੋਂ ਦੋ ਸਦੀਆਂ ਪਹਿਲੇ ਹੀ ਹੋ ਚੁੱਕਿਆ ਸੀ। ਇਤਿਹਾਸਕ ਤੱਥਾਂ ਅਨੁਸਾਰ ਇਸ ਮਿਸਲ ਦੇ ਬਾਨੀ ਜੱਸਾ ਸਿੰਘ ਆਹਲੂਵਾਲੀਆਂ ਦੇ ਬਜ਼ੁਰਗ ਆਹਲੂ ਨਾਮਕ ਪਿੰਡ ਦੇ ਵਸਨੀਕ ਸਨ। ਹੌਲੀ ਹੌਲੀ ਇਹ ਮਿਸਲ ਨੂੰ ਆਹਲੂਵਾਲੀਆ ਮਿਸਲ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਇਸ ਮਿਸਲ ਦੀ ਸੈਨਿਕ ਸ਼ਕਤੀ ਕਾਫੀ ਮਜ਼ਬੂਤ ਸੀ। ਸੰਨ 1748 ਈ: ਵਿੱਚ ਜੱਸਾ ਸਿੰਘ ਆਹਲੂਵਾਲੀਆ ਖਾਲਸਾ ਦਲ ਦਾ ਨੇਤਾ ਬਣਿਆ, ਉਹ ਇੱਕ ਬਹਾਦਰ ਅਤੇ ਸੂਰਬੀਰ ਯੋਧਾ ਸੀ। ਉਸ ਨੇ ਦਿੱਲੀ ਉਤੇ ਹਮਲਾ ਕਰਨ ਤੋਂ ਬਾਅਦ, ਜਲੰਧਰ, ਹੁਸ਼ਿਆਰਪੁਰ ਅਤੇ ਨਰੈਂਣਗੜ੍ਹ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ, ਉਪਰੰਤ ਮਹਾਰਾਜਾ ਜੱਸਾ ਸਿੰਘ ਜੀ ਨੇ ਰਾਮਗੜੀਆ ਮਿਸਲ ਉਤੇ ਜਿੱਤ ਪ੍ਰਾਪਤ ਕੀਤੀ। ਇਸ ਤਰ੍ਹਾਂ ਕਾਮਯਾਬੀ ਉਸ ਦੇ ਪੈਰ ਚੁੰਮਦੀ ਚਲੀ ਗਈ। ਬੜੀ ਛੋਟੀ ਅਵਸਥਾ ਵਿੱਚ ਹੀ ਉਸ ਨੇ ਛੋਟੀਆਂ ਛੋਟੀਆਂ ਜਿੱਤਾਂ ਪ੍ਰਾਪਤ ਕਰਨ ਤੋਂ ਬਾਅਦ ਲਾਹੌਰ ਦੇ ਹਾਕਮ ਨੂੰ ਵੀ ਹਰਾ ਕੇ ਲਾਹੌਰ ਉਪਰ ਜਿੱਤ ਪ੍ਰਾਪਤ ਕਰ ਲਈ ਅਤੇ ਨਵਾਬ ਕਪੂਰ ਸਿੰਘ ਨੂੰ ਲਾਹੌਰ ਦੇ ਸਿੰਘਾਸਨ ਉਪਰ ਬਿਠਾ ਦਿੱਤਾ। ਉਸ ਸਮੇਂ ਜੱਸਾ ਸਿੰਘ ਨੇ ਕਪੂਰਥਲੇ ਨੂੰ ਆਪਣੇ ਇਲਾਕੇ ਦੀ ਰਾਜਧਾਨੀ ਐਲਾਨ ਕੀਤਾ ਹੋਇਆ ਸੀ। ਇਸ ਤਰ੍ਹਾਂ 35 ਸਾਲਾਂ ਦੀ ਉਮਰੇ ਜੱਸਾ ਸਿੰਘ ਆਹਲੂਵਾਲੀਆ ਨੇ 'ਸੁਲਤਾਨ-ਏ-ਕੌਮ, ਦੀ ਉਪਾਧੀ ਪ੍ਰਾਪਤ ਕੀਤੀ ਅਤੇ ਆਪਣੇ ਨਾਂ ਦਾ ਸਿੱਕਾ ਵੀ ਚਲਾਇਆ।

ਇਸ ਨਿਬੰਧ ਵਿੱਚ ਮੈਂ ਵਿਸ਼ੇਸ਼ ਤੌਰ ਤੇ ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦਾ ਸੰਗੀਤ ਅਤੇ ਗੁਰਬਾਣੀ ਕੀਰਤਨ ਪ੍ਰੇਮ ਉਪਰ ਚਰਚਾ ਕਰ ਰਹੀ ਹਾਂ। ਇਸ ਲਈ ਮੈਂ ਉਨ੍ਹਾਂ ਦੀਆ ਜਿੱਤਾਂ ਅਤੇ ਦੂਸਰੀਆਂ ਸਮਾਜ ਸੁਧਾਰਕ ਪ੍ਰਾਪਤੀਆਂ ਦਾ ਵਧੇਰੇ ਵਰਨਣ ਨਹੀਂ ਕਰਾਂਗੀ ਕਿਉਂਕਿ ਉਨ੍ਹਾਂ ਦੀਆਂ ਇਨ੍ਹਾਂ ਸਭ ਪ੍ਰਾਪਤੀਆਂ ਨੂੰ ਹਰ ਕੋਈ ਜਾਣਦਾ ਹੈ।

ਸ੍. ਜੱਸਾ ਸਿੰਘ ਆਹਲੂਵਾਲੀਆ ਇੱਕ ਬਹਾਦਰ ਸਿੱਖ ਨੌਜਵਾਨ ਨੇਤਾ ਹੋਣ ਦੇ ਨਾਲ ਨਾਲ ਗੁਰਬਾਣੀ ਅਤੇ ਰਾਗ-ਬੱਧ ਕੀਰਤਨ ਦੇ ਬਹੁਤ ਪ੍ਰੇਮੀ ਬਾਦਸ਼ਾਹ ਸਨ। ਜਿਨ੍ਹਾਂ ਦਾ ਇਹ ਪੱਖ ਇਤਿਹਾਸਕਾਰ ਅਤੇ ਲੇਖਕਾਂ ਵੱਲੋਂ ਹਮੇਸ਼ਾਂ ਹੀ ਬਿਆਨ ਕਰਨ ਤੋਂ ਅਣਗੌਲਿਆਂ ਰਹਿ ਗਿਆ ਹੈ। ਇਕ ਅੰਗਰੇਜ਼ੀ ਪੁਸਤਕ 'ਕਪੂਰਥਲਾ-ਸਟੇਟ ਇਟਸ ਪਾਸਟ ਐਂਡ ਪ੍ਰੈਜ਼ੈਂਟ, ਦੇ ਪੰਨਾ 5 ਤੇ ਲਿਖਿਆ ਹੈ, ਕਿ ਜੱਸਾ ਸਿੰਘ ਇੱਕ ਵੇਰ ਬਾਲ ਅਵਸਥਾ ਵਿੱਚ ਆਪਣੀ ਮਾਤਾ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਨੂੰ ਮਿਲੇ, ਤਾਂ ਉਸ ਸਮੇਂ ਜੱਸਾ ਸਿੰਘ ਨੇ ਮਾਤਾ ਜੀ ਨੂੰ ਅਜਿਹਾ 'ਰਾਗ-ਬੱਧ ਗੁਰਬਾਣੀ ਕੀਰਤਨ' ਸੁਣਾਇਆ ਕਿ ਮਾਤਾ ਜੀ ਨਿਹਾਲ ਹੋ ਗਏ ਅਤੇ ਬਾਲਕ ਜੱਸਾ ਸਿੰਘ ਨੂੰ ਜੀਵਨ ਵਿੱਚ ਹੋਰ ਤਰੱਕੀ ਦੇ ਰਾਹ ਤੇ ਚੱਲਣ ਦਾ ਆਸ਼ੀਰਵਾਦ ਦਿੱਤਾ।

ਇਸੇ ਕਥਾ ਦਾ ਵਰਨਣ ਇੱਕ ਹੋਰ ਅੰਗਰੇਜ਼ੀ ਪੁਸਤਕ ਸੋਹਣ

** ਲੇਖਿਕਾ ਸੰਗੀਤ ਵਿਸ਼ੇ ਵਿੱਚ ਪੀ. ਐਚ. ਡੀ. ਹੈ। ਇਸ ਵੇਲੇ ਰਾਮਗੜ੍ਹੀਆਂ ਗਰਲਜ਼ ਕਾਲਜ, ਲੁਧਿਆਣਾ ਵਿੱਚ ਲੈਕਚਰਾਰ ਸੰਗੀਤ ਸਰਵਿਸ ਕਰ ਰਹੀ ਹੈ।*

ਸਿੰਘ ਸੀਤਲ 'ਰਾਈਜ਼-ਔਫ-ਸਿੱਖ ਪਾਵਰ-ਐਂਡ ਮਹਾਰਾਜਾ ਰਣਜੀਤ ਸਿੰਘ, ਦੇ ਪੰਨਾ 418 ਤੇ ਮਿਲਦਾ ਹੈ । ਜੱਸਾ ਸਿੰਘ ਨੂੰ ਛੋਟੀ ਆਯੂ ਵਿੱਚ ਹੀ ਸ਼ਾਸਤ੍ਰੀ ਸੰਗੀਤ ਅਤੇ ਗੁਰਬਾਣੀ ਕੀਰਤਨ ਦੀ ਸਿੱਖਿਆ ਉਸਤਾਦਾਂ ਤੋਂ ਪ੍ਰਾਪਤ ਹੋਈ ਸੀ । ਉਹ ਸੂਰਬੀਰ ਹੋਣ ਦੇ ਨਾਲ ਨਾਲ ਰਾਗ-ਬੱਧ ਬਾਣੀ ਕੀਰਤਨ ਵਿੱਚ ਵੀ ਬਹੁਤ ਗੁਣੀ ਸਨ । ਉਨ੍ਹਾਂ ਦੇ ਮਾਤਾ ਪਿਤਾ ਵੀ ਸੰਗੀਤ ਦੇ ਬਹੁਤ ਪ੍ਰੇਮੀ ਸਨ, ਇਸ ਲਈ ਉਨ੍ਹਾਂ ਨੇ ਜੱਸਾ ਸਿੰਘ ਨੂੰ ਗੁਰਬਾਣੀ ਅਤੇ ਸੰਗੀਤ ਦੀ ਸਿੱਖਿਆ, ਵਿਧੀ-ਪੂਰਵਕ ਦਿਵਾਈ । ਜੱਸਾ ਸਿੰਘ ਦਾ ਜੀਵਨ ਭਾਵੇਂ ਬਹੁਤ ਰੁਝੇਵਿਆਂ ਭਰਿਆ ਸੀ ਪਰ ਫਿਰ ਵੀ ਉਹ ਬਾਣੀ ਕੀਰਤਨ ਅਤੇ ਨਿਤਨੇਮ ਨਹੀਂ ਛੱਡਦੇ ਸਨ । ਅੰਗਰੇਜ਼ੀ ਪੁਸਤਕ 'ਕਪੂਰਥਲਾ ਸਟੇਟ-ਇਟਜ਼-ਪਾਸਟ ਐਂਡ ਪ੍ਰੈਜ਼ੈਂਟ' ਦੇ ਪੰਨਾ 6 ਤੇ ਲਿਖਿਆ ਹੈ 'ਪਹੁ ਫੁਟਣ ਤੋਂ ਪਹਿਲੇ ਜੱਸਾ ਸਿੰਘ ਜੀ ਹਰ ਰੋਜ਼ ਇਸ਼ਨਾਨ ਪਾਣੀ ਕਰਕੇ, ਕੱਪੜੇ ਬਦਲ ਕੇ ਸੁਖਮਨੀ ਸਾਹਿਬ ਦਾ ਪਾਠ ਅਤੇ ਅਰਦਾਸ ਕਰਦੇ, ਸ਼ਾਮ ਨੂੰ ਰਹਿਰਾਸ ਸਾਹਿਬ ਦਾ ਗਾਇਨ ਕਰਦੇ ਅਤੇ ਫਿਰ ਦਿਨ ਡੁੱਬਣ ਤੋਂ ਇੱਕ ਘੰਟਾ ਪਹਿਲੇ ਰਾਤ ਦਾ ਪਾਠ ਅਤੇ ਅਰਦਾਸ ਕਰਦੇ ਸਨ । 'Kapurthala state it's past and present, complied by an oficial, page 5' "At day break he would rise, perform his ablutions and dress, repeating the morning prayer or sukhmani, After the evening meal, musicions played and sang hymns called 'Shabad Rahras' and hour after sunset all retired to rest having repeated the 'Ardas' or 'evening prayer".

ਇਨ੍ਹਾਂ ਸਾਰੇ ਪਰਮਾਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਜੱਸਾ ਸਿੰਘ ਆਹਲੂਵਾਲੀਆਂ ਧਾਰਮਿਕ ਅਤੇ ਗੁਰਬਾਣੀ ਕੀਰਤਨ ਨੂੰ ਪਿਆਰ ਕਰਨ ਵਾਲੇ ਪਰਿਵਾਰ ਅਤੇ ਕੁਟੰਬ ਦੇ ਬਾਕੀ ਸਭ ਲੋਕ ਵੀ ਪੂਰਣ ਗੁਰੂ ਮਰਿਆਦਾ ਅਨੁਸਾਰ ਚੱਲਣ ਵਾਲੇ ਅਤੇ ਸੰਗੀਤ ਦੇ ਪ੍ਰੇਮੀ ਸਨ । ਜੱਸਾ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਚਾਚਾ ਗੁਰਬਖਸ਼ ਸਿੰਘ ਰਾਜ ਗੱਦੀ ਤੇ ਬੈਠੇ ਅਤੇ ਫਿਰ ਉਨ੍ਹਾਂ ਦੀ ਵੰਸ਼ ਪ੍ਰੰਪਰਾ ਚੱਲਣ ਲਗੀ । ਉਨ੍ਹਾਂ ਦੇ ਰਾਜ ਸਮੇਂ ਵੀ ਕਪੂਰਥਲਾ ਰਿਆਸਤ ਵਿੱਚ ਗੁਰਬਾਣੀ ਅਤੇ ਸੰਗੀਤ ਦਾ ਪ੍ਰਵਾਹ ਉਸੇ ਤਰ੍ਹਾਂ ਚਲਦਾ ਰਿਹਾ ।

*2. ਮਹਾਰਾਜਾ ਰਣਧੀਰ ਸਿੰਘ :* 19 ਵੀਂ ਸ਼ਤਾਵਦੀ ਦੇ ਮੱਧ ਵਿੱਚ ਮਹਾਰਾਜਾ ਰਣਧੀਰ ਸਿੰਘ ਰਾਜ-ਗੱਦੀ ਤੇ ਬੈਠੇ । ਇਨ੍ਹਾਂ ਦੀ ਗੁਰਬਾਣੀ ਕੀਰਤਨ ਤੋਂ ਇਲਾਵਾ ਸ਼ਾਸਤ੍ਰੀ ਸੰਗੀਤ ਵਿੱਚ ਵਧੇਰੇ ਰੁਚੀ ਸੀ ਅਤੇ ਆਪਣੇ ਦਰਬਾਰ ਵਿੱਚ ਕਈ ਪ੍ਰਸਿੱਧ ਸੰਗੀਤਕਾਰਾਂ ਨੂੰ ਨਿਯੁਕਤ ਕੀਤਾ ਹੋਇਆ ਸੀ । ਜਿਵੇਂ ਸਾਂਈ ਇਲਿਹਾਸ, (ਵਿਆਸ ਪੰਡਤ) ਕਰੀਮ ਬਖਸ਼, ਅਬਦੁਲ ਕਰੀਮ ਖਾਂ, ਵਲੀ ਮੁਹੰਮਦ ਅਤੇ ਰਹਿਮਤ ਅਲੀ ਆਦਿ ਦੇ ਨਾਮ ਵਿਸ਼ੇਸ਼ ਵਰਨਣਯੋਗ ਹਨ । ਇਨ੍ਹਾਂ ਕਲਾਕਾਰਾਂ ਤੋਂ ਇਲਾਵਾ, ਰਣਧੀਰ ਸਿੰਘ ਦੇ ਦਰਬਾਰ ਵਿੱਚ ਭਾਰਤ ਵਰਸ਼ ਦੇ ਦੂਸਰੇ ਭਿੰਨ ਭਿੰਨ ਕਲਾਕਾਰਾਂ ਨੂੰ ਬੁਲਾਕੇ ਉਨ੍ਹਾਂ ਦੇ ਗਾਇਨ ਕਲਾ ਦੇ ਪ੍ਰੋਗਰਾਮ ਆਯੋਜਿਤ ਕਰਵਾਏ ਜਾਂਦੇ ਸਨ । ਇਸ ਤਰ੍ਹਾਂ ਮਹਾਰਾਜਾ ਰਣਧੀਰ ਸਿੰਘ ਦੇ ਸ਼ਾਸਨ ਕਾਲ ਵਿੱਚ ਸਮਾਜ ਸੁਧਾਰ ਦੇ ਨਾਲ ਨਾਲ ਕਪੂਰਥਲਾ ਦਰਬਾਰ ਵਿਚ ਸੰਗੀਤ ਕਲਾ ਦਾ ਵੀ ਪੂਰਨ ਵਿਕਾਸ ਹੋਇਆ ਅਤੇ ਉਥੋਂ ਦੇ ਸੰਗੀਤਕਾਰਾਂ ਨੂੰ ਵਿਸ਼ੇਸ਼ ਪ੍ਰਸਿਧੀ ਪ੍ਰਾਪਤ ਸੀ ।

*3. ਰਾਜਾ ਖੜਗ ਸਿੰਘ :* ਇਨ੍ਹਾਂ ਤੋਂ ਬਾਅਦ ਰਾਜਾ ਖੜਗ ਸਿੰਘ ਗੱਦੀ ਤੇ ਬੈਠੇ ਪਰ ਇਹ ਬਾਦਸ਼ਾਹ ਗੁਰਬਾਣੀ ਕੀਰਤਨ ਅਤੇ ਨਿਤਨੇਮ ਤੱਕ ਹੀ ਸੀਮਿਤ ਰਹੇ ।

*4. ਮਹਾਰਾਜਾ ਜਗਜੀਤ ਸਿੰਘ :* ਖੜਗ ਸਿੰਘ ਤੋਂ ਬਾਅਦ ਮਹਾਰਾਜਾ ਜਗਜੀਤ ਸਿੰਘ ਕਪੂਰਥਲਾ ਸਿੰਘਾਸਨ ਤੇ ਬੈਠੇ । ਇਹ ਸੰਗੀਤ ਦੇ ਬਹੁਤ ਪ੍ਰੇਮੀ ਸਨ । ਇਨ੍ਹਾਂ ਦੇ ਦਰਬਾਰ ਵਿੱਚ ਤਨਖਾਹਦਾਰ ਕਲਾਕਾਰਾਂ ਤੋਂ ਇਲਾਵਾ, ਕਈ ਰਬਾਬੀ ਪਰੰਪਰਾ ਦੇ ਕਲਾਕਾਰ ਵੀ ਸਨ । ਜਿਵੇਂ ਭਾਈ ਜੋਗਾ ਸਿੰਘ, ਭਾਈ ਅਰੂੜ ਸਿੰਘ ਰਬਾਬੀ, ਭਾਈ ਅਲਾ ਦੀਆਂ ਰਬਾਬੀ, ਤੇ ਭਾਈ ਬੂੜਾ ਰਬਾਬੀ । ਇਨ੍ਹਾਂ ਦੇ ਦਰਬਾਰ ਵਿੱਚ ਰਾਗ-ਬੱਧ ਗੁਰਬਾਣੀ ਕੀਰਤਨ ਅਤੇ ਸ਼ਾਸਤ੍ਰੀ ਸੰਗੀਤ ਦੀਆਂ ਸਭਾਵਾਂ ਆਮ ਤੌਰ ਤੇ ਆਯੋਜਿਤ ਹੁੰਦੀਆਂ ਰਹਿੰਦੀਆਂ ਸਨ (ਦਲੀਪ ਚੰਦਰ ਵੇਦੀ ਜੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ) ਮਹਾਰਾਜ ਜਗਜੀਤ ਸਿੰਘ ਨੇ ਸ਼ਾਸਤ੍ਰੀ ਸੰਗੀਤ ਨਾਲ ਇਤਨਾ ਪਿਆਰ ਸੀ ਕਿ ਉਹ ਪ੍ਰਤੀ-ਵਰਸ਼ ਹਰਿਬਲਵ ਸੰਗੀਤ ਸੰਮੇਲਨ ਲਈ ਕਾਫੀ ਧਨ, ਦਾਨ ਦੇ ਤੌਰ ਤੇ ਭੇਜਿਆ ਕਰਦੇ ਸਨ ਅਤੇ ਸ਼ਾਸਤ੍ਰੀ ਸੰਗੀਤ ਦੇ ਦੂਸਰੇ ਸੰਮੇਲਨਾਂ ਵਿੱਚ ਵੀ ਸਹਾਇਤਾ ਪ੍ਰਦਾਨ ਕਰਦੇ ਰਹਿੰਦੇ ਸਨ । ਇਕ ਵਿਸੇਸ਼ ਗੱਲ ਇਹ ਹੈ ਕਿ ਉਨ੍ਹਾਂ ਨੂੰ ਭਾਰਤੀ ਸ਼ਾਸਤ੍ਰੀ ਸੰਗੀਤ ਦੇ ਨਾਲ ਨਾਲ ਪੱਛਮੀ ਸੰਗੀਤ ਵਿੱਚ ਵੀ ਵਿਸ਼ੇਸ਼ ਰੁਚੀ ਸੀ ਉਹ ਖੁਦ ਵੀ ਪੱਛਮੀ ਨਾਚ ਵਿੱਚ ਪ੍ਰਵੀਨ ਸਨ ।

ਇਸ ਪ੍ਰਕਾਰ ਕਪੂਰਥਲਾ ਰਿਆਸਤ ਦੇ ਲਗਭਗ ਸਾਰੇ ਹੀ ਸ਼ਾਸਕ ਰਾਗ-ਬੱਧ ਗੁਰਬਾਣੀ ਕੀਰਤਨ ਦੇ ਅਨੁਰਾਗੀ ਸਨ ਅਤੇ ਸ਼ਾਸਤ੍ਰੀ ਸੰਗੀਤ ਦੇ ਪ੍ਰਤੀ ਵਿਸ਼ੇਸ਼ ਨਿਸ਼ਠਾਵਾਨ ਸਨ । ਇਨ੍ਹਾਂ ਸ਼ਾਸਕਾਂ ਨੇ ਆਪਣੇ ਦਰਬਾਰਾਂ ਵਿੱਚ ਗੁਣੀ ਕਲਾਕਾਰਾਂ ਨੂੰ ਸਹਾਇਤਾ ਦੇ ਕੇ ਸ਼ਾਸਤ੍ਰੀ ਸੰਗੀਤ ਦੇ ਖੇਤਰ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾਇਆ । ਇਨ੍ਹਾਂ ਸਾਰੇ ਸ਼ਾਸਕਾਂ ਦੀ ਕੀਰਤੀ ਸਦਕਾ ਕਪੂਰਥਲਾ ਰਿਆਸਤ ਦਾ ਨਾਮ ਵੀ ਭਾਰਤੀ ਸੰਗੀਤ ਦੇ ਖੇਤਰ ਵਿੱਚ ਖਿਆਤੀ ਪ੍ਰਾਪਤ ਕਰ ਚੁੱਕਿਆ ਹੈ ਪਰ ਅੱਜ ਸਾਡਾ ਸਮਾਜ ਕਪੂਰਥਲਾ ਰਿਆਸਤ ਦੇ ਸ਼ਾਸਕਾਂ ਦੀ ਕੀਰਤੀ ਨੂੰ ਭੁਲਾਉਂਦਾ ਜਾ ਰਿਹਾ ਹੈ । ਕੇਵਲ ਇਤਨਾ ਹੀ ਸੰਗੀਤ ਜਗਤ ਨੂੰ ਪਤਾ ਹੈ ਕਿ ਕਪੂਰਥਲਾ ਵੀ ਕਦੇ ਸੰਗੀਤ ਦਾ ਘਰਾਣਾ ਸੀ ਪਰ ਇਸ ਨੂੰ ਪ੍ਰਫੁਲਿਤ ਕਰਨ ਵਿੱਚ ਕਿੰਨ੍ਹਾ ਕਿੰਨ੍ਹਾ ਸ਼ਾਸਕਾਂ ਦਾ ਯੋਗਦਾਨ ਰਿਹਾ ਉਸ ਨੂੰ ਕੋਈ ਵੀ ਨਹੀਂ ਜਾਣਦਾ ।

ਡਾ. ਕਰਨੈਲ ਸਿੰਘ ਸੋਮਲ

# ਮੇਰਾ ਕੀਰਤਨ-ਅਨੁਭਵ

ਹੋਸ਼ ਸੰਭਾਲਣ ਤੋਂ ਪਿੱਛੋਂ ਪੰਜ ਦਹਾਕੇ ਮੈਨੂੰ ਆਪਣੇ ਸਮਾਜਿਕ ਵਾਤਾਵਰਣ ਵਿੱਚੋਂ ਵਿਭਿੰਨ ਮੌਕਿਆਂ ਉਤੇ ਗੁਰਬਾਣੀ ਕੀਰਤਨ ਸੁਣਨ ਨੂੰ ਮਿਲਿਆ। ਪਿੰਡ ਵਿੱਚ ਇੱਕ ਗੁਰਦੁਆਰਾ ਸੀ ਜਿੱਥੇ ਗੁਰਪੁਰਬ ਮਨਾਏ ਜਾਂਦੇ। ਸੰਗਰਾਦ ਤੇ ਪੂਰਨਮਾਸ਼ੀ ਨੂੰ ਵੀ ਪਿੰਡ ਦੇ ਮਰਦ, ਔਰਤਾਂ ਤੇ ਬੱਚੇ-ਬੁੱਢੇ ਆਪਣੀ ਫੁਰਸਤ ਮੁਤਾਬਿਕ ਗੁਰਦਵਾਰੇ ਵਿੱਚ ਆ ਜੁੜਦੇ। ਕੀਰਤਨ ਵੀ ਹੁੰਦਾ, ਸਾਰੇ ਸੁਣਦੇ। ਖੁਸ਼ੀ, ਗ਼ਮੀ ਦੇ ਮੌਕਿਆਂ ਤੇ ਪਿੰਡ ਵਿੱਚ ਕਿਸੇ ਦੇ ਘਰ ਸਹਿਜ ਜਾਂ ਅਖੰਡ-ਪਾਠ ਦਾ ਭੋਗ ਪੈਂਦਾ ਤਾਂ ਕੀਰਤਨ ਵੀ ਹੁੰਦਾ। ਕਦੇ-ਕਦਾਈ ਪਿੰਡ ਦੇ ਗੁਰਦਵਾਰੇ ਰੈਣ-ਸਬਾਈ ਹੁੰਦੀ। ਗੁਆਂਢੀ ਪਿੰਡਾਂ ਦੇ ਕਿਸੇ ਵੱਡੇ ਗੁਰਦੁਆਰੇ ਵਿੱਚ ਵਿਸ਼ੇਸ਼ ਸਮਾਗਮ ਹੁੰਦਾ ਤਦ ਵੀ ਕੀਰਤਨ ਹੁੰਦਾ।

ਇਸ ਪ੍ਰਕਾਰ ਦੇ ਸਮਾਜਿਕ ਵਾਤਾਵਰਣ ਵਿੱਚੋਂ ਸਹਿਜ ਹੀ ਗੁਰਬਾਣੀ ਤੇ ਕੀਰਤਨ ਸੁਣਨ ਨੂੰ ਮਿਲਦਾ। ਹੁਣ ਤਾਂ ਬਹੁਤ ਥਾਂਈਂ ਕੀਰਤਨ ਦਰਬਾਰ ਹੁੰਦੇ ਹਨ। ਰੇਡਿਓ ਤੇ ਟੈਲੀਵਿਜ਼ਨ ਤੋਂ ਕੀਰਤਨ ਦਾ ਪ੍ਰਸਾਰ ਨ ਹੁੰਦਾ ਹੈ। ਕੀਰਤਨ ਦੀਆਂ ਆਡੀਓ-ਵੀਡੀਓ ਕੈਸਟਾਂ ਮਿਲਦੀਆਂ ਹਨ। ਬਜ਼ਾਰ ਜਾਓ ਤਾਂ ਉਥੇ ਵੀ ਕਈ ਦੁਕਾਨਾਂ ਉਤੇ ਕੀਰਤਨ ਦੀਆਂ ਕੈਸਟਾਂ ਸੁਣਨ ਨੂੰ ਮਿਲਦੀਆਂ ਹਨ। ਆਪਣੇ ਆਲੇ-ਦੁਆਲੇ ਵਿੱਚ ਹੀ ਕਿਤੇ ਥੋੜੀ ਦੂਰ ਕੀਰਤਨ ਹੁੰਦਾ ਹੋਵੇ ਤਾਂ ਲਾਊਡ ਸਪੀਕਰ ਰਾਹੀਂ ਕੰਨਾਂ ਵਿੱਚ ਪਈ ਜਾਂਦਾ ਹੈ।

ਇਹ ਸਾਡੇ ਸਮਾਜਿਕ ਵਾਤਾਵਰਣ ਵਿੱਚ ਹੀ ਵਾਪਰਿਆ ਹੈ ਕਿ ਗੁਰਮਤਿ ਸੰਗੀਤ ਦੀ ਪੜ੍ਹਾਈ ਤੇ ਸਿਖਲਾਈ ਦੇ ਅਨੇਕਾਂ ਥਾਂਈਂ ਪ੍ਰਬੰਧ ਹੋ ਗਏ ਹਨ। ਗੁਰਮਤਿ ਸੰਗੀਤ ਅਤੇ ਕੀਰਤਨ ਬਾਰੇ ਵਿਦਵਾਨਾਂ ਦੀਆਂ ਲਿਖੀਆਂ ਪੁਸਤਕਾਂ, ਲੇਖ, ਰੀਵਿਊ ਤੇ ਟਿਪਣੀਆਂ ਮਿਲਦੀਆਂ ਹਨ।

ਕੁਦਰਤੀ ਹੈ ਕਿ ਇਸ ਵਾਤਾਵਰਣ ਵਿੱਚ ਵਿਚਰਦਿਆਂ ਤੁਹਾਡੇ ਮਨ ਵਿੱਚ ਅਜਿਹੇ ਖਿਆਲ ਆਉਣ ਕਿ ਕੀਰਤਨ ਦੀ ਕੀ ਮਹੱਤਤਾ ਹੈ, ਉੱਤਮ ਕੀਰਤਨ ਕਿਹੜਾ ਹੁੰਦਾ ਹੈ, ਆਦਿ-ਆਦਿ।

ਕੀਰਤਨ ਦੀ ਮਹਿਮਾ ਬਾਰੇ ਕੋਈ ਦੋ ਰਾਵਾਂ ਨਹੀਂ। ਇਸ ਰਾਹੀਂ ਸੁਣਨ ਵਾਲੇ ਦੇ ਮਨ ਨੂੰ ਟਿਕਾਉ ਮਿਲਦਾ ਹੈ, ਹਿਰਦਾ ਸੀਤਲ ਹੁੰਦਾ ਹੈ ਤੇ ਸੁਰਤਿ ਵਿਗਸਦੀ ਹੈ। ਕੀਰਤਨ ਸੁਣਨ ਦੀ ਵਡਿਆਈ ਬਾਰੇ ਕਿੰਨਾਂ ਕੁਝ ਕਿਹਾ ਜਾ ਸਕਦਾ ਹੈ। ਗੁਰਬਾਣੀ ਵਿੱਚ ਓਜ ਹੈ, ਸ਼ਕਤੀ ਹੈ। ਕੀਰਤਨੀਆ ਆਪਣੇ ਕੀਰਤਨ ਰਾਹੀਂ ਗੁਰਬਾਣੀ ਦੀ ਅਨੇਕ ਪੱਖੀ ਸ਼ਕਤੀ ਨੂੰ ਸੁਣਨ ਵਾਲੇ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ।

ਗੁਰਬਾਣੀ ਵਿੱਚ ਮਨੁੱਖ ਦੇ ਵਿਅਕਤੀਗਤ ਤੇ ਸਮਾਜਿਕ ਕਲਿਆਣ ਲਈ ਬਹੁਤ ਕੁਝ ਹੈ, ਇਹ, ਮੰਨੀ ਹੋਈ ਗੱਲ ਹੈ। ਮਸਲਾ ਤਾਂ ਹੈ ਕਿ ਇਸ ਸਮੁੰਦਰ ਵਿੱਚੋਂ, ਜੀਵਨ-ਮੁੱਲਾਂ ਦੀ ਇਸ ਖਾਣ ਵਿੱਚੋਂ, ਜੀਵਨ-ਪ੍ਰੇਰਨਾ ਦੇ ਇਸ ਅਥਾਹ ਸੋਮੇ ਵਿੱਚੋਂ, ਆਪਣੀ ਇਸ ਮਹਾਨ ਵਿਰਾਸਤ ਵਿੱਚੋਂ, ਕਿਵੇਂ ਲਾਭ ਲਿਆ ਜਾਵੇ। ਗੁਰਬਾਣੀ ਦਾ ਪਾਠ, ਵਿਚਾਰ, ਵਿਆਖਿਆ, ਕਥਾ ਆਦਿ ਕਈ ਤਰੀਕੇ ਹਨ। ਕੀਰਤਨ ਵੀ ਇੱਕ ਸਾਧਨ ਹੈ।

ਕੀਰਤਨ ਦਾ ਖਿਆਲ ਆਉਂਦੇ ਹੀ ਜੋ ਤਸਵੀਰ ਜ਼ਿਹਨ ਵਿਚ ਉਭਰਦੀ ਹੈ ਉਹ ਹੈ- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਤਾਬਿਆ ਬੈਠੇ ਭਾਈ ਸਾਹਿਬ, ਦੀਵਾਨ ਵਿਚ ਇੱਕ ਬੰਨੇ ਕੀਰਤਨ ਕਰ ਰਹੇ ਕੀਰਤਨੀਏ ਅਤੇ ਸੰਗਤਾਂ।

ਇਹ ਸਾਰਾ ਕੁਝ ਮਿਲਕੇ ਇੱਕ ਵਾਤਾਵਰਨ ਉਸਾਰਦੇ ਹਨ। ਸਫ਼ਾਈ, ਸੁੱਚ, ਸ਼ਰਧਾ, ਨਿਮਰਤਾ, ਇਕਾਗਰਤਾ ਇਸ ਵਾਤਾਵਰਨ ਵਿੱਚੋਂ ਡੁੱਲ-ਡੁੱਲ ਪੈਂਦੇ ਹਨ। ਜੋ ਜਨ ਉਥੇ ਹਾਜ਼ਰ ਹੈ ਉਸ ਨੇ ਸੱਚੇ ਦਰਬਾਰ ਦੀ ਸ਼ਰਨ ਲੈ ਲਈ ਹੈ। ਮਨ ਦੇ ਬੋਝ - ਹਉਮੈ, ਸ਼ੰਕੇ, ਚਿੰਤਾਵਾਂ ਮੱਥਾ ਟੇਕਦਿਆਂ ਹੀ ਲਹਿ ਗਏ ਹਨ। ਵਾਤਾਵਰਨ ਅੱਖਾਂ ਨੂੰ, ਕੰਨਾਂ ਨੂੰ, ਰੋਮ ਰੋਮ ਨੂੰ ਠੰਢ ਪਾਉਂਦਾ ਹੈ ਤੇ ਰਾਹਤ ਬਖਸ਼ਦਾ ਹੈ। ਧਿਆਨ ਕਦੇ ਸ਼ੁਸ਼ੋਭਿਤ ਗ੍ਰੰਥ ਸਾਹਿਬ ਵੱਲ ਜਾਂਦਾ ਹੈ ਕਦੇ ਕੀਰਤਨੀਆਂ ਵੱਲ।

ਇਸ ਤਸਵੀਰ ਵਿੱਚ ਹੈ ਕਿ ਇਸ ਦਰਬਾਰ ਦੀ ਹਰ ਹੋਂਦ ਇੱਕ ਲੈਅ ਤੇ ਇਕਸੁਰਤਾ ਵਿੱਚ ਬੱਝੀ ਹੈ। ਸ਼ਰਧਾਲੂ ਮੱਥਾ ਟੇਕਣ ਆਉਂਦੇ ਤੇ ਆਪਣੀ ਥਾਂ ਲੈਂਦੇ ਹਨ ਜਿਵੇਂ ਲੀਨ ਹੱਥਾਂ ਵਿੱਚ ਮਾਲਾ ਦੇ ਮਣਕੇ ਆਪ-ਮੁਹਾਰੇ ਇੱਕ-ਪਿੱਛੋਂ- ਇੱਕ ਅੱਗੇ-ਅੱਗੇ ਤੁਰੀ ਜਾਂਦੇ ਹਨ। ਕੋਈ ਵਿਘਨ ਨਹੀਂ ਪੈਂਦਾ, ਸਗੋਂ ਇਹ ਲੋਕ ਸਜੀਵਤਾ ਬਖਸ਼ਦੇ ਹਨ। ਕਈਆਂ ਦੇ ਸੀਸ ਦਰਬਾਰ ਵਿੱਚ ਐਸੇ ਝੁਕਦੇ ਹਨ ਕਿ ਜਿਵੇਂ ਉਹਨਾਂ ਦਾ ਮੁੜ ਚੁੱਕਣ ਨੂੰ ਜੀਅ ਨਹੀਂ ਕਰਦਾ। ਮਾਂਵਾ ਬਾਲਾਂ ਨੂੰ ਮੱਥੇ ਟਕਾਉਂਦੀਆਂ ਹਨ। ਉਹਨਾਂ ਦੇ ਮੱਥੇ ਆਪ ਝੁਕਾਉਂਦੀਆਂ ਹਨ। ਆਪਣੇ ਵਿਰਸੇ ਦਾ ਜੀਵਨ ਵਿੱਚ ਸਹਿਜ ਸੰਚਰਨ ਇਸ ਤੋਂ

ਬਿਹਤਰ ਹੋਰ ਕਿੱਥੇ ਹੋ ਸਕਦਾ ਹੈ।

ਕੀਰਤਨੀਏ ਸਹਿਜ ਪਰ ਇਕਾਗਰ ਬੈਠੇ ਹਨ। ਉਹ ਗੁਰਬਾਣੀ ਵਿੱਚ ਲੀਨ ਗਾਇਨ ਕਰ ਰਹੇ ਹਨ। ਜਿਵੇਂ ਗੁਰੂ ਘਰ ਦਾ ਪ੍ਰਸ਼ਾਦ ਵੰਡਣ ਵਾਲੇ ਹਰ ਇੱਕ ਦੇ ਖੁੱਲ੍ਹੇ ਹੱਥਾਂ ਵਿੱਚ ਪ੍ਰਸ਼ਾਦ ਭੇਟ ਦੇਈ ਜਾਂਦੇ ਹਨ ਤਿਵੇਂ ਕੀਰਤਨੀਏ ਸੰਗਤ ਦੇ ਹਰ ਜਨ ਦੇ ਖੁੱਲ੍ਹੇ ਮਨ ਭਾਂਡਿਆਂ ਵਿੱਚ ਬਾਣੀ ਅੰਮ੍ਰਿਤ ਦੀਆਂ ਬੂੰਦਾਂ ਵਰਸਾਈ ਜਾਂਦੇ ਹਨ। ਉਹਨਾਂ ਦਾ ਕਰਮ ਕਿੰਨਾਂ ਵੱਡਾ ਹੈ। ਉਹ ਪਹਿਲਾਂ ਵੱਡੇ ਬਣੇ ਹਨ। ਬਾਣੀ ਅੰਮ੍ਰਿਤ ਨੂੰ ਚੁੰਜਾਂ ਖੋਹਲੀ ਬੈਠੇ ਬੋਟਾਂ ਜਿਹੇ ਹਿਰਦਿਆਂ ਵਿੱਚ ਕੁਝ ਜੀਵਨ ਦੇਣ ਵਾਲਾ ਪਾਉਣ ਵਿੱਚ ਸਹਾਈ ਹੋਣ ਵਾਲੇ ਹਨ। ਉਹ ਐਵੇਂ-ਕਿਵੇਂ ਦੇ ਮਨੁੱਖ ਨਹੀਂ ਹਨ। ਆਮ ਜੀਵਨ ਵਿੱਚ ਉਹ ਆਮ ਮਨੁੱਖ ਹੋਣ ਵੀ, ਇਸ ਦਰਬਾਰ ਵਿੱਚ ਤਾਂ ਉਹ ਵਿਸ਼ੇਸ਼ ਹਨ, ਵਿਸ਼ੇਸ਼ਾਂ ਵਿੱਚੋਂ ਵੀ ਵਿਸ਼ੇਸ਼ ਹਨ। ਉਹਨਾਂ ਨੇ ਕੀਰਤਨ ਲਈ ਕਿਹੜਾ ਸ਼ਬਦ ਚੁਣਨਾ ਹੈ, ਇਹ ਉਹਨਾਂ ਨੂੰ ਜ਼ਿਆਦਾ ਪਤਾ ਹੈ। ਉਸ ਦਾ ਕਿਵੇਂ ਗਾਇਨ ਕਰਨਾ ਹੈ, ਇਸ ਦੀ ਸੋਝੀ ਤੇ ਜਾਚ ਉਹਨਾਂ ਨੂੰ ਜ਼ਿਆਦਾ ਹੈ।

ਸਾਨੂੰ ਤਾਂ ਉਹ ਪਵਿੱਤਰ, ਸ਼ਾਂਤ, ਨਿਰਮਲ ਤੇ ਲੀਨ ਜਿੰਦਾਂ ਜਾਪਦੀਆਂ ਹਨ। ਬਾਣੀ ਉਹਨਾਂ ਦੇ ਮੂੰਹੋਂ ਸਹਿਜ ਹੀ ਝਰਦੀ ਹੈ ਕਿ ਹਰ ਧੁਨੀ ਰਸ-ਭਰੀ ਹੋ ਜਾਂਦੀ ਹੈ। ਸਾਜ਼ ਵੀ ਸਹਿਜ ਵੱਜ ਰਹੇ ਹਨ। ਸਾਜ਼ ਸਹਾਈ ਹੋ ਰਹੇ ਹਨ ਉਸ ਵਾਤਾਵਰਣ ਨੂੰ ਅਸਰਦਾਇਕ ਬਣਾਉਣ ਲਈ। ਸਾਜ਼ ਬਾਣੀ ਦੇ ਅੰਮ੍ਰਿਤ ਰਸ ਨੂੰ ਉਸ ਦੇ ਅਸਲ ਰੂਪ ਵਿੱਚ ਵਰਸਣ ਤੇ ਸੰਚਰਿਤ ਹੋਣ ਵਿੱਚ ਮਦਦਗਾਰ ਹੋ ਰਹੇ ਹਨ। ਸਾਜ਼ ਸੰਗਤ ਦੇ ਹਿਰਦਿਆਂ ਨੂੰ ਬੰਨ੍ਹੀ ਰੱਖਦੇ ਹਨ।

ਇਸ ਤਸਵੀਰ ਵਿੱਚ ਹੋਰ ਵੇਖੀਦਾ ਹੈ ਕਿ ਕੀਰਤਨੀਆਂ ਦੇ ਮੂੰਹੋਂ ਨਿਕਲਦੇ ਸ਼ਬਦ ਨਿਖੜੇ ਹੋਏ ਹੁੰਦੇ ਹਨ ਸੁਘੜ ਸੁਆਣੀ ਦੇ ਰਿਧੇ ਚਾਵਲਾਂ ਵਾਂਗ ਇਕੱਲੇ-ਇਕੱਲੇ, ਪਰ ਬਿਖਰੇ ਹੋਏ ਨਹੀਂ। ਕੀਰਤਨੀਆਂ ਨੂੰ ਪਤਾ ਹੈ ਕਿ ਇੱਕ-ਇੱਕ ਸ਼ਬਦ, ਇੱਕ-ਇੱਕ ਧੁਨੀ ਅਮੁੱਲ ਹੈ। ਕੀਰਤਨੀਆਂ ਦੇ ਉਚਰੇ ਸ਼ਬਦ ਸਾਫ ਸੁਣਾਈ ਦਿੰਦੇ ਹਨ। ਉਹਨਾਂ ਦੇ ਦੁਹਰਾ ਸਦਕਾ ਇਹ ਚੰਗੇਰੀ ਤਰ੍ਹਾਂ ਸਮਝ ਆ ਰਹੇ ਹਨ। ਹੋਰ ਨਹੀਂ ਤਾਂ ਭਾਵ ਜ਼ਰੂਰ ਪੱਲੇ ਪੈ ਰਿਹਾ ਹੈ। ਸਾਜ਼ਾਂ ਵਿੱਚੋਂ ਵਹਿੰਦਾ ਸੰਗੀਤ ਸ਼ਬਦਾਂ ਦੇ ਪ੍ਰਵਾਹ ਵਿੱਚ ਸਹਾਈ ਹੁੰਦਾ ਹੈ, ਇੰਨਾਂ ਉਘੜਵਾਂ ਨਹੀਂ ਹੁੰਦਾ ਕਿ ਰਾਗੀਆ ਦੇ ਬੋਲ ਵਿੱਚ ਹੀ ਗੁਆਚ ਜਾਣ।

ਰਾਗੀਆਂ ਨੂੰ ਸ਼ਰਧਾਲੂ ਭੇਟਾ ਵੀ ਦੇਈ ਜਾਂਦੇ ਹਨ, ਪਰ ਉਹ ਕਿਸੇ ਭੇਟਾ ਤੋਂ ਬੇਖਬਰ ਹਨ। ਜਿੰਨੀ ਦੇਰ ਉਹ ਕੀਰਤਨ ਕਰ ਰਹੇ ਹਨ, ਉਹਨਾਂ ਦੀ ਲਿਵ ਕੀਰਤਨ ਵਿੱਚ ਲੱਗੀ ਹੈ। ਭਾਵੇਂ ਉਹਨਾਂ ਅੱਗੇ ਭੇਟਾ ਦੇ ਅੰਬਾਰ ਲੱਗ ਗਏ ਹਨ, ਭਾਵੇਂ ਇੱਕ ਦਮੜਾ ਵੀ ਨਹੀਂ, ਉਹਨਾਂ ਦੇ ਧਿਆਨ ਤੋਂ ਪਰੇ ਹਨ ਇਹ ਗੱਲਾਂ।

ਖਿਆਲ ਆਉਂਦਾ ਹੈ ਕਿ ਕੀ ਹਰ ਕੋਈ ਕੀਰਤਨੀਆਂ ਬਣ ਸਕਦਾ ਹੈ? ਸੁਤੇ ਹੀ ਮੈਨੂੰ ਆਪਣੇ ਪਿੰਡੇ ਦੇ ਗੁਰਦੁਆਰੇ ਦੀ ਝਾਕੀ ਯਾਦ ਆਉਂਦੀ ਹੈ। ਅਕਸਰ ਮੇਰੇ ਪਿੰਡ ਦੇ ਦੋ ਸੱਜਣ ਕੀਰਤਨ ਕਰਨ ਦਾ ਚਾਉ ਰੱਖਦੇ ਸਨ। ਇੱਕ ਸਨ ਕਿੱਤੇ ਵਜੋਂ ਮਿਸਤਰੀ ਤੇ ਦੂਜੇ ਇੱਕ ਵਾਹੀਕਾਰ। ਦੋਵੇਂ ਰਸਮੀ ਪੜ੍ਹਾਈ ਪੱਖੋਂ ਜਮਾਤਾਂ ਤਾਂ ਕੋਈ ਪੜ੍ਹੇ ਨਹੀਂ ਸਨ ਪਰ ਉਹਨਾਂ ਵਿੱਚ ਤਿੰਨ ਰੁਚੀਆਂ ਪ੍ਰਬਲ ਸਨ। ਇੱਕ ਬਾਣੀ ਨੂੰ ਕੰਠ ਕਰਨਾ ਤੇ ਜੋ ਕੰਠ ਕਰਨਾ ਉਸਦੇ ਭਾਵ ਨੂੰ ਸਮਝਣਾ। ਦੂਜੇ ਜਿੱਥੋਂ ਵੀ ਮੌਕਾ ਮਿਲੇ ਕੀਰਤਨ ਕਰਨ ਦੀ ਕਲਾ ਨੂੰ ਗ੍ਰਹਿਣ ਕਰਨਾ। ਇੱਕ ਦੋ ਵਾਰੀ ਉਹ ਢਾਈ ਸੌ ਮੀਲ ਅੰਮ੍ਰਿਤਸਰ ਗਏ ਤਾਂ ਜੁ ਆਸਾ ਜੀ ਦੀ ਵਾਰ ਦਾ ਕੀਰਤਨ ਕਰਨ ਦੀ ਜਾਚ ਨੂੰ ਸਮਝ ਸਕਣ। ਉਦੋਂ ਰੇਡਿਓ ਪ੍ਰਚਲਿਤ ਨਹੀਂ ਸੀ, ਕੈਸਟਾਂ ਦਾ ਰਿਵਾਜ ਵੀ ਨਹੀਂ ਸੀ ਪਿਆ। ਤੀਜਾ ਉਹ ਕੀਰਤਨ ਕਰਨ ਨੂੰ ਆਪਣੀ ਕਿਰਤ ਨਾਲੋਂ ਵੀ ਜ਼ਿਆਦਾ ਪ੍ਰਾਥਮਿਕਤਾ ਦਿੰਦੇ ਸਨ। ਕੀਰਤਨ ਕਰਨ ਦਾ ਪੈਸਾ ਉਹਨਾਂ ਨੇ ਸਾਰੀ ਉਮਰ ਨਹੀਂ ਸੀ ਲਿਆ। ਇਹ ਸੇਵਾ-ਫਲ ਉਹਨਾਂ ਨੂੰ ਕੀਰਤਨ ਕਰਨ ਦੀ ਖੁਸ਼ੀ ਦੇ ਰੂਪ ਵਿੱਚ ਹੀ ਮਿਲ ਜਾਂਦਾ ਜਾਪਦਾ ਸੀ। ਪਹਿਰਾਵਾ ਉਹਨਾਂ ਦਾ ਉਚੇਚਾ ਨਹੀਂ ਸੀ ਹੁੰਦਾ। ਜਿਹੋ ਜਿਹੇ ਉਹ ਆਮ ਕੱਪੜੇ ਪਹਿਨਦੇ ਸਨ ਉਹੀ ਹੁੰਦੇ ਸਨ ਪਰ ਸਾਫ-ਸੁਥਰੇ। ਇਹਨਾਂ ਗੁਰਮੁਖਾਂ ਦੇ ਕੀਰਤਨ ਵਿੱਚ ਜੋ ਰਸ ਹੁੰਦਾ ਸੀ ਉਹ ਬੇਮਿਸਾਲ ਸੀ।

ਨਿਰਸੰਦੇਹ ਕੀਰਤਨੀਏ ਨੂੰ ਰਾਗਾਂ ਦਾ ਗਿਆਨ, ਕੀਰਤਨ ਕਰਨ ਦਾ ਅਭਿਆਸ, ਚੰਗੀ ਮੰਝੀ ਹੋਈ ਅਵਾਜ਼ ਜਿਹੇ ਗੁਣਾਂ ਦਾ ਮਾਲਕ ਹੋਣਾ ਲੋੜੀਂਦਾ ਹੈ ਪਰ ਕੀਰਤਨ ਨੂੰ ਪ੍ਰਣਾਏ ਹੋਣਾ ਪਹਿਲੀ ਸ਼ਰਤ ਹੈ। ਅਧਿਆਪਕ, ਡਾਕਟਰ, ਗੁਰਦਵਾਰੇ ਦਾ ਭਾਈ ਤੇ ਕੀਰਤਨੀਆਂ- ਇਹ ਨਾਂ ਅਜਿਹੇ ਹਨ ਜਿੱਥੇ ਇਹਨਾਂ ਦੇ ਕਸਬ ਦੀ ਮੁਹਾਰਤ ਹੋਣ ਤੋਂ ਉਤੇ ਉਹਨਾਂ ਦੀ ਉਚੀ ਸ਼ਖਸੀਅਤ ਹੋਣੀ ਲਾਜ਼ਮੀ ਹੈ। ਇਹ ਸਾਰੇ ਵਿਚੋਲੇ ਹਨ। ਰੋਗੀ ਨੂੰ ਰਾਜ਼ੀ ਕੁਦਰਤ ਕਰਦੀ ਹੈ ਪਰ ਡਾਕਟਰ ਦੀ ਵਿਚੋਲਗੀ ਮਦਦ ਕਰਦੀ ਹੈ। ਡਾਕਟਰ ਦਾ ਇੱਕ-ਇੱਕ ਲਫਜ਼, ਧਰਵਾਸ, ਰੋਗੀ ਦੇ ਛੇਤੀ ਸਿਹਤਯਾਬ ਹੋਣ ਵਿੱਚ ਕਰਾਮਾਤ ਦਾ ਕੰਮ ਕਰਦਾ ਹੈ। ਗੁਰਦੁਆਰੇ ਦਾ ਭਾਈ ਹਰ ਖੁਸ਼ੀ, ਗਮੀ ਦੇ ਮੌਕੇ ਜਦੋਂ ਸੱਚੇ ਪਾਤਸ਼ਾਹ ਦੀ ਓਟ ਤੱਕੀਦੀ ਹੈ ਸੰਗਤ ਨੂੰ ਸੰਬੋਧਿਤ ਹੋ ਕੇ ਜੋ ਕੁਝ ਗੁਰਬਾਣੀ ਦੇ ਹਵਾਲੇ ਨਾਲ ਕਹਿੰਦਾ ਹੈ, ਕਰਾਮਾਤ ਜਿਹਾ ਅਸਰ ਰੱਖਦਾ ਹੈ। ਇਵੇਂ ਹੀ ਕੀਰਤਨੀਏ ਦੇ ਉਚਾਰੇ ਸ਼ਬਦਾਂ ਦੀ ਸ਼ਕਤੀ ਸਹੀ ਸੰਚਰਿਤ ਤਾਂ ਹੀ ਹੁੰਦੀ ਹੈ ਜੇ ਉਸਦਾ ਸ਼ਖਸੀ ਜੀਵਨ ਸੁੱਚਾ, ਭਾਵਨਾ ਸ਼ੁਭ ਤੇ ਵਿਹਾਰ ਗੁਰਬਾਣੀ ਵਿੱਚ ਦਰਸਾਈ ਜੀਵਨ-ਜਾਚ ਦੇ ਨੇੜੇ ਦਾ ਹੋਵੇ।

ਜਿਸ ਤਸਵੀਰ ਦੀ ਅਸੀਂ ਕਲਪਨਾ ਕੀਤੀ ਹੈ ਉਸ ਵਿੱਚ ਕਿਸੇ ਦੀ ਹੈਂਕੜ, ਚੌਧਰ ਤੇ ਗੁਮਾਨ ਲਈ ਕੋਈ ਥਾਂ ਨਹੀਂ।

ਕੀਰਤਨ ਦੇ ਵਾਤਾਵਰਣ ਵਿੱਚ ਲੈਅ, ਸਜੀਵਤਾ, ਸੁੱਚ, ਸ਼ਰਧਾ ਆਦਿ ਤੱਤ ਕਾਇਮ ਰੱਖਣ ਲਈ ਸਾਰੀ ਸੰਗਤ, ਸਮੇਤ ਕੀਰਤਨੀਆਂ ਅਤੇ ਪ੍ਰਬੰਧਕਾਂ ਦੇ, ਸਭ ਨੂੰ ਸਹਿਯੋਗ ਦੇਣਾ ਹੁੰਦਾ ਹੈ । ਜੇ ਕੀਰਤਨ ਵਾਲੀ ਥਾਂ ਸਾਫ-ਸੁਥਰੀ ਨਾ ਹੋਵੇ, ਸੰਗਤ ਵਿੱਚ ਹਾਜ਼ਰ ਹੋਣ ਵਾਲੇ ਤਨ-ਮਨ ਦੀ ਨਿਰਮਲਤਾ ਨਾ ਰਖਦੇ ਹੋਣ, ਪ੍ਰਬੰਧਕਾਂ ਜਾਂ ਕੀਰਤਨੀਆਂ ਨੂੰ ਆਪਣੇ ਪ੍ਰਬੰਧ ਜਾਂ ਕੀਰਤਨ-ਕਲਾ ਦਾ ਗੁਮਾਨ ਹੋਵੇ, ਦਿਖਾਵਾ ਤੇ ਸ਼ੋਰ ਜ਼ਿਆਦਾ ਹੋਵੇ, ਲਾਊਡ ਸਪੀਕਰਾਂ ਦੀਆਂ ਕੰਨ ਪਾੜਵੀਆਂ ਅਵਾਜ਼ਾਂ ਹੋਣ, ਮਨ ਵਿਚ ਦਰਬਾਰ ਦਾ ਅਦਬ ਨਾ ਹੋਵੇ, ਘੂਰਦੀਆਂ ਪਾੜਵੀਆਂ ਨਿਗਾਹਾਂ ਹੋਣ ਫਿਰ ਕੀਰਤਨ ਤੋਂ ਹੋਣ ਵਾਲੇ ਲਾਭਾਂ ਦੇ ਅਸੀਂ ਅਧਿਕਾਰੀ ਨਹੀਂ ਹੋਵਾਂਗੇ ।

ਘਰ ਵਿੱਚ ਗੁਟਕੇ, ਪੋਥੀਆਂ ਰੱਖੇ ਹੋਣ ਦਾ ਗੁਮਾਨ ਅਸੀਂ ਪਾਲ ਸਕਦੇ ਹਾਂ । ਕੀਰਤਨ ਦੀਆਂ ਕੈਸਟਾਂ ਦੀ ਗਿਣਤੀ ਦਾ ਹੰਕਾਰ ਸਾਨੂੰ ਹੋ ਸਕਦਾ ਹੈ । ਅਸੀਂ ਕਿਹੜੀ-ਕਿਹੜੀ ਚੀਜ਼ ਦੇ ਮਾਲਕ ਹਾਂ, ਇਹ ਅਫਾਰਾ ਕਿਸੇ ਨੂੰ ਵੀ ਹੋ ਸਕਦਾ ਹੈ ਪਰ ਕਿਸੇ ਵਸਤ ਨੂੰ ਪ੍ਰਾਪਤ ਕਰਨ ਲਈ, ਕਿਸੇ ਅਨੁਭਵ ਨੂੰ ਗ੍ਰਹਿਣ ਕਰਨ ਲਈ ਜਿਸ ਤਰ੍ਹਾਂ ਦੀ ਸਾਂਡੀ ਮਨੋਅਵਸਥਾ, ਜਿਸ ਤਰ੍ਹਾਂ ਦਾ ਵਾਤਾਵਰਣ ਤੇ ਜਿਸ ਤਰ੍ਹਾਂ ਦਾ ਸਾਡਾ ਕਿਰਦਾਰ ਹੋਣਾ ਚਾਹੀਦਾ ਹੈ, ਉਸ ਤੋਂ ਬਾਹਰੇ ਬਾਹਰੇ ਰਹਿਣ ਨਾਲ ਸਾਡਾ ਸੱਖਣਾਪਣ ਭਰਨਾ ਮੁਸ਼ਕਲ ਹੈ ।

ਗੁਰਬਾਣੀ ਤੋਂ ਕਿਉਂਕਿ ਮਨੁੱਖ ਦਾ ਅਤੇ ਉਸਦੇ ਸਮਾਜ ਦਾ, ਦੋਹਾਂ ਦਾ ਭਲਾ ਹੋਣਾ ਹੁੰਦਾ ਹੈ, ਇਸ ਲਈ ਦੋਹਾਂ ਪਾਸਿਆਂ ਤੋਂ ਨਿਰੰਤਰ ਅਜਿਹੇ ਜਤਨ ਹੋਣ ਜਿਨ੍ਹਾਂ ਸਦਕਾ ਅਸੀਂ ਜੋ ਵਸਤ ਗੁਰਬਾਣੀ ਦੇ ਪਾਠ ਤੇ ਗਾਇਨ ਤੋਂ ਹਾਸਲ ਕਰਨਾ ਚਾਹੁੰਦੇ ਹਾਂ ਉਹ ਸਾਨੂੰ ਸਹਿਜ ਤੇ ਸੁਭਾਵਿਕ ਰੂਪ ਵਿੱਚ ਪ੍ਰਾਪਤ ਹੁੰਦੇ ਜਾਪਣ । ਬੱਚਿਆਂ ਨੂੰ, ਪਰਿਵਾਰਾਂ ਨੂੰ, ਆਪਣੇ ਲਾਗ-ਪਾਸ ਵਸਦੇ ਸਾਰਿਆ ਨੂੰ ਗੁਰਾਂ ਦੇ ਨਾਮ ਦੀ ਰੰਗਣ ਅਜਿਹੇ ਵਾਤਾਵਰਣ ਵਿੱਚ ਹੀ ਹੋ ਸਕਦੀ ਹੈ ।

ਮਾਇਆ ਪ੍ਰਾਪਤੀ ਜੀਵਨ ਨਿਰਬਾਹ ਲਈ ਜ਼ਰੂਰੀ ਹੈ ਪਰ ਜਿੱਥੇ ਗੁਰਬਾਣੀ ਤੇ ਕੀਰਤਨ ਆਦਿ ਦੀ ਗੱਲ ਹੋਵੇ ਉਥੇ ਮਾਇਆ ਦੀ ਪਹਿਲ ਕਾਇਮ ਨਹੀਂ ਰਹਿੰਦੀ । ਉਥੇ ਪਹਿਲ ਗੁਰਬਾਣੀ ਦੇ ਸੱਚ ਤੇ ਉਸ ਅਨੁਸਾਰ ਢਾਲੇ ਜਾਣ ਵਾਲੇ ਜੀਵਨ ਦੀ ਹੁੰਦੀ ਹੈ । ਗੁਰਬਾਣੀ ਮਾਇਆ ਦੀ ਜਕੜ ਤੋਂ ਸਾਨੂੰ ਮੁਕਤ ਕਰਨ ਵਿੱਚ ਸਹਾਈ ਹੁੰਦੀ ਹੈ । ਸਹਿਜ ਤੇ ਸਮਦ੍ਰਿਸ਼ਟੀ ਦੀ ਜੀਵਨ-ਜਾਚ ਗੁਰਬਾਣੀ ਹੀ ਸੁਝਾਉਂਦੀ ਹੈ ਤਾਂ ਜੁ ਮਾਇਆ ਦੀ ਦੌੜ ਵਿੱਚ ਅਸੀਂ ਭਟਕ ਨਾ ਜਾਈਏ । ਚੰਗੇ ਇਨਸਾਨ ਪਹਿਲਾਂ ਹੋਈਏ ਹੋਰ ਕੰਮ ਧੰਦੇ ਕਰਨ ਵਾਲੇ ਪਿੱਛੋਂ । ਇਹ ਸੁਨੇਹਾ ਕੀਰਤਨ ਰਾਹੀਂ ਸਾਡੇ ਕੰਨਾਂ ਵਿੱਚ ਕਿਤੇ ਬਾਖੂਬੀ ਟੁਣਕਦਾ ਹੈ ।


ORLY
THE ONE AND ONLY MATCHMAKER



WHAT IS THE MEDIA SAYING ABOUT ORLY?

The Phil Donahue Show
"Orly is a unique personal matchmaker..."
Ron Reagan Show
"Orly, born a matchmaker..."
Sally Jesse Rafael Show
"Orly's service is designed for the professionals..."
AM Los Angeles Show
"two of Orly's clients were married live on the show...The wedding of the year"
Eyewitness News (ABC)
"Orly, world renowned matchmaker..."
KTLA Morning News
"Orly, matchmaker in action..."
Jewish T.V. Network
"Orly is a real marriage broker..."
Montel Williams Show
"Orly's clients are the créam de la créam..."
AM Philadelphia Show
"Orly's clients are simply top of the line..."
Cleveland Tonight Show
"Orly, a touch of class..."
Orange County News Channel
"Orly is champagne wishes..."
AM Northwest Show, Oregon
"Orly the one and only matchmaker..."
Good Evening Seattle Show
"Orly is an investment in your future..."
The Dimi Petty Show, Canada
"Orly has a sixth sense..."
National Enquirer
"Orly has a dream date for you..."
Orange County Register
"Orly has a match for the sincere singles..."
The Heritage Weekly
"Orly is nationally and internationally known..."
Los Angeles Times
"Orly matches the rich and successful..."
Dallas Morning Newspaper
"Orly made countless introductions..."
Beverly Hills Today
"Orly is the Rolls Royce of matchmaking..."
KFI Talk Radio
"Orly, a matchmaker with a sixth sense..."
WLAC Nashville Radio
"Orly is a celebrity matchmaker..."

FREE
30 MINUTES PHONE CONSULTATION
(310) 659-7337 • Beverly Hills

ਡਾ. ਜਾਗੀਰ ਸਿੰਘ

# ਮੇਰੀ ਅਮਰੀਕਾ ਯਾਤਰਾ-2

ਖੜਬੰਦਾ ਪਰਿਵਾਰ ਨਾਲ ਮੇਰੀ 14 ਸਾਲਾਂ ਦੀ ਸਾਂਝ ਹੈ । ਜਦੋਂ 1983 ਵਿੱਚ ਨਿਊਜਰਸੀ ਗੁਰਦੁਆਰਾ ਬ੍ਰਿਜਵਾਟਰ ਗਿਆ ਸਾਂ ਅਤੇ ਫਿਰ ਦੁਬਾਰਾ 1985 ਵਿੱਚ ਗਿਆ ਸਾਂ ਤਾਂ ਇਥੇ ਅਸੀਂ ਕੀਰਤਨ ਕਲਾਸਾਂ ਚਲਾਈਆਂ ਸਨ । ਇਹਨਾਂ ਵਿੱਚ ਇਸ ਪਰਿਵਾਰ ਨੇ ਕੀਰਤਨ ਸਿਖਿਆ ਸੀ । ਸ਼੍ਰੀਮਤੀ ਪਰਮੀਤ ਕੌਰ ਖੜਬੰਦਾ ਨੇ ਕਾਫੀ ਸ਼ਬਦ ਸਿਖੇ ਸਨ ਤੇ ਸਟੇਜ ਤੇ ਵੀ ਕੀਰਤਨ ਕਰਨ ਲਗ ਪਏ ਸਨ । ਉਦੋਂ ਤੋਂ ਇਹਨਾਂ ਦੇ ਸਾਰੇ ਪਰਿਵਾਰ ਨਾਲ ਪਿਆਰ ਹੈ । 'ਅੰਮ੍ਰਿਤ ਕੀਰਤਨ' ਲਈ ਵੀ ਇਹ ਸਹਾਇਤਾ ਭੇਜਦੇ ਰਹਿੰਦੇ ਹਨ ।

ਖੜਬੰਦਾ ਸਾਹਿਬ ਮੈਨੂੰ ਆਪਣੇ ਘਰ ਲੈ ਗਏ । ਬੜੀ ਸੁਚੱਜੀ ਤਰ੍ਹਾਂ ਮੇਰੀ ਰਿਹਾਇਸ਼ ਦਾ ਪ੍ਰਬੰਧ ਕੀਤਾ ਹੋਇਆ ਸੀ । ਮੇਰੇ ਉਥੇ ਪੁੱਜਣ ਤੇ ਉਹਨਾਂ ਨਿਊਜਰਸੀ ਗੁਰਦੁਆਰਾ ਬ੍ਰਿਜਵਾਟਰ ਨਾਲ ਸਬੰਧਤ ਹੋਰ ਸਜਣਾਂ ਨੂੰ ਮੇਰੇ ਪਹੁੰਚਣ ਦੀ ਸੂਚਨਾ ਦੇ ਦਿੱਤੀ । 21 ਮਈ 1997 ਦੀ ਰਾਤ ਨੂੰ ਤਾਂ ਬਹੁਤ ਥਕੇਵਾਂ ਸੀ । ਐਸਾ ਸੁੱਤਾ ਕਿ ਪਤਾ ਹੀ ਨਾ ਲੱਗਾ । 22 ਮਈ ਨੂੰ ਸਵੇਰੇ ਲੇਟ ਉਠਿਆ । ਫੋਨ ਕਰਦਾ ਤੇ ਸੁਣਦਾ ਰਿਹਾ । ਸੈਂਚੀਆਂ ਤੋਂ ਸਹਿਜ-ਪਾਠ ਕਰਦਾ ਰਿਹਾ । ਅੱਜ ਕੱਲ ਮੈਂ ਯਾਤਰਾ ਸਮੇਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਨਾਲ ਰੱਖਦਾ ਹਾਂ । ਸਹਿਜ ਪਾਠ ਅਰੰਭ ਕਰ ਲੈਂਦਾ ਹਾਂ । ਆਮ ਤੌਰ ਤੇ ਸਫਰ ਵਿੱਚ ਪਾਠ-ਕਰਦਾ ਰਹਿੰਦਾ ਹਾਂ ।

ਸ੍ਰ. ਉਦੈ ਸਿੰਘ ਖੜਬੰਦਾ ਅਤੇ ਉਹਨਾਂ ਦੀ ਪਤਨੀ ਸੁਪਤਨੀ ਪਰਮਜੀਤ ਕੌਰ ਹੀ ਘਰ ਰਹਿੰਦੇ ਹਨ । ਬੱਚੇ ਆਪੋ ਆਪਣੇ ਥਾਂ ਤੇ ਸੈਟ ਹਨ । ਖੜਬੰਦਾ ਸਾਹਿਬ ਇੰਜਨੀਅਰ ਹਨ ਅਤੇ ਇਹਨਾਂ ਦੀ ਪਤਨੀ ਸੰਸਕ੍ਰਿਤ ਦੀ ਐਮ.ਏ. ਅਤੇ ਦਿੱਲੀ ਯੂਨੀਵਰਸਿਟੀ ਤੋਂ ਲਾਅ ਗ੍ਰੈਜੂਏਟ ਹੈ । ਦੋਵੇਂ ਇੱਕ ਦੂਜੇ ਦੇ ਪੂਰਕ ਹਨ । ਇੱਕ ਨੂੰ ਪੈਂਡੂ ਜ਼ਿੰਦਗੀ ਪਸੰਦ ਹੈ ਤੇ ਦੂਜੇ ਨੂੰ ਸ਼ਹਿਰੀ । ਵਾਈਟ ਹਾਊਸ ਸਟੇਸ਼ਨ ਨਿਊਜਰਸੀ ਵਿੱਚ ਇਹਨਾਂ ਦਾ ਘਰ ਦੋ ਢਾਈ ਏਕੜ ਦੇ ਥਾਂ ਵਿੱਚ ਹੈ । ਛੁੱਟੀ ਵਾਲੇ ਦਿਨ ਖੜਬੰਦਾ ਸਾਹਿਬ ਟਰੈਕਟਰ ਨਾਲ ਖੇਤਾਂ ਦਾ ਘਾਹ ਕੱਟ ਕੇ ਆਪਣੀ ਪੈਂਡੂ ਇੱਛਾ ਪੂਰੀ ਕਰਦੇ ਹਨ ਤੇ ਪਰਮੀਤ ਕੌਰ ਜੀ ਰੁੱਖਾਂ ਦੀ ਛਾਵੇਂ ਬੈਠ ਕੇ ਤੇ ਕੀਰਤਨ/ਸੰਗੀਤ ਸੁਣ ਕੇ ਪੁਸਤਕਾਂ ਪੜ੍ਹ ਕੇ ਅਨੰਦ ਮਾਣਦੇ ਹਨ ।

ਖੜਬੰਦਾ ਸਾਹਿਬ ਦੇ ਘਰ ਰਹਿੰਦਿਆਂ ਮੈਂ ਉਹਨਾਂ ਦੇ ਫੋਨ ਦੀ ਖੂਬ ਦੁਰਵਰਤੋਂ ਕੀਤੀ । ਧੰਨ ਹਨ, ਖੜਬੰਦਾ ਸਾਹਿਬ ਜਿਹਨਾਂ ਨੇ ਮੇਰੀ ਇਸ ਮਹਿੰਗੀ ਗੁਸਤਾਖੀ ਨੂੰ ਵੀ ਖਿੜੇ ਮੱਥੇ ਸਹਾਰਿਆ । ਉਥੇ ਰਹਿੰਦਿਆਂ ਗੁਰਦੁਆਰਾ ਪ੍ਰਬੰਧਕਾਂ ਬਾਰੇ ਨਿਰਾਸ਼ਾਜਨਕ ਖ਼ਬਰਾਂ ਮਿਲੀਆਂ ।

ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਵੇਖ ਕੇ ਉਥੋਂ ਦੇ ਸਿੱਖਾਂ ਦੀ ਫਰਾਖਦਿਲੀ ਅਤੇ ਗੁਰਦੁਆਰਿਆਂ ਦੀ ਇਮਾਰਤ ਪ੍ਰਤੀ ਸ਼ਰਧਾ ਅੱਗੇ ਸਿਰ ਝੁਕਦਾ ਹੈ । ਲੱਖਾਂ ਲੱਖਾਂ ਡਾਲਰ ਖਰਚ ਹੋਏ ਹਨ ਪਰ ਜਦੋਂ ਕੁਝ ਪ੍ਰਬੰਧਕਾਂ ਤੇ ਰਾਗੀਆਂ-ਗ੍ਰੰਥੀਆਂ ਦੀਆਂ ਮਾੜੀਆਂ ਗੱਲਾਂ ਸੁਣਦੇ ਹਾਂ ਤਾਂ ਮਨ ਸੜਦਾ ਹੈ ।

ਇੱਕ ਗੁਰਦੁਆਰੇ ਦੇ ਪ੍ਰਧਾਨ ਤੇ ਉਸ ਦੇ ਮੁੰਡੇ ਨੂੰ ਵਿਰੋਧੀ ਪਾਰਟੀ ਵਾਲਿਆਂ ਕੁੱਟ ਸੁੱਟਿਆ । ਉਥੇ ਪੁਲਿਸ ਕੇਸ ਬਣ ਗਿਆ ਹੈ । ਇੱਕ ਗੁਰਦੁਆਰੇ ਵਿੱਚ ਗੋਲੀ ਚਲ ਗਈ । ਇੱਕ ਗੁਰਦੁਆਰਾ ਇਲੈਕਸ਼ਨਾਂ ਸਮੇਂ ਪੁਲਿਸ ਦਾ ਹੈਲੀਕੈਪਟਰ ਦੰਗਾ ਰਹਿਤ ਇਲੈਕਸ਼ਨਾਂ ਕਰਾਉਣ ਲਈ ਗੁਰਦੁਆਰੇ ਦੇ ਚੱਕਰ ਲਗਾਂਦਾ ਰਿਹਾ । ਕੁਝ ਗੁਰਦੁਆਰਿਆਂ ਵਿੱਚ ਵੀਡਿਓ ਕੈਮਰੇ ਫਿਟ ਕਰ ਦਿੱਤੇ ਹਨ ਜਿਹੜੇ ਹਰ ਸਮੇਂ ਕਾਰਵਾਈ ਦੀ ਤਸਵੀਰ ਰਿਕਾਰਡ ਕਰਦੇ ਰਹਿੰਦੇ ਹਨ । ਇੱਕ ਗੁਰਦੁਆਰੇ ਵਿੱਚ ਕਿਸੇ ਨੇ ਆਪਣੇ ਗਾਤਰੇ ਦੀ ਛੋਟੀ ਕਿਰਪਾਨ ਨਾਲ ਹੀ ਇੱਕ ਨੂੰ ਜ਼ਖਮੀ ਕਰ ਦਿੱਤਾ । ਖੈਰ----- । ਇਹ ਗੱਲਾਂ ਉਹ ਹਨ ਜਦੋਂ ਗੁਰਦੁਆਰੇ ਵਿੱਚ ਲੰਗਰ ਛਕਣ ਤੋਂ ਬਾਦ ਸਿੱਖ ਇੱਕ ਦੂਜੇ ਨਾਲ ਕਰਦੇ ਹਨ । ਇੱਕ ਦਿਨ ਇੱਕ ਗੋਰਾ ਸਿਪਾਹੀ ਕਹਿੰਦਾ ਹੈ- "ਗੁਰਦੁਆਰੇ ਵਿੱਚ ਪਹਿਲਾਂ ਤਾਂ ਸਭ ਕੁਝ ਠੀਕ ਠਾਕ ਚਲਦਾ ਰਹਿੰਦਾ ਹੈ ਪਰ ਜਦੋਂ ਇਹ ਮਿੱਠੀ ਵਸਤੂ (ਕੜਾਹ ਪ੍ਰਸ਼ਾਦ) ਖਾ ਲੈਂਦੇ ਹਨ ਉਦੋਂ ਲੜਨ ਲਗ ਪੈਂਦੇ ਹਨ ।" ਮੈਂ ਇੱਕ ਸੱਜਣ ਤੋਂ ਪੁੱਛਿਆ ਕਿ ਅੱਜ ਰਾਗੀ ਸਿੰਘਾਂ ਨੇ ਸਬਦ ਕਿਹੜਾ-ਕਿਹੜਾ ਗਾਇਆ ਸੀ ਤਾਂ ਉਹ ਕਹਿਣ ਲੱਗਾ । 'ਸ਼ਬਦ ਤਾਂ ਮੈਨੂੰ ਸਮਝ ਨਹੀਂ ਆਇਆ ।' ਦੂਜਾ ਕਹਿਣ ਲੱਗਾ, "ਰਾਗੀ ਵਾਜਾ ਹੀ ਉਚਾ ਵਜਾਉਂਦੇ ਹਨ ।" ਤੀਜਾ ਕਹਿਣ ਲੱਗਾ, "ਸਾਨੂੰ ਗੁਰਬਾਣੀ ਸਮਝ ਨਹੀਂ ਆਉਂਦੀ ।" ਇਹ ਗੱਲਾਂ ਸੁਣ ਕੇ ਖੜਬੰਦਾ ਸਾਹਿਬ ਅਕਸਰ ਪੁੱਛਦੇ-

ਸਾਡੇ ਗੁਰਦੁਆਰਿਆਂ ਦਾ ਕੀ ਬਣੇਗਾ ? ਸਾਡੇ ਵਿੱਚ ਜਿਹੜੀਆਂ ਗੱਲਾਂ ਬਾਤਾਂ ਹੁੰਦੀਆ ਉਹਨਾਂ ਵਿੱਚ ਇਸ ਗੱਲ ਦਾ ਫਿਕਰ ਵੀ ਹੁੰਦਾ ਹੈ । ਸੁਜਵਾਨ ਸੱਜਣਾਂ ਨੂੰ ਇਸ ਗੱਲ ਦਾ ਬਹੁਤ ਫਿਕਰ ਹੈ ਕਿ ਉਹਨਾਂ ਦੇ ਬੱਚੇ ਗੁਰਦੁਆਰਿਆਂ ਤੋਂ ਮੂੰਹ ਮੋੜਦੇ ਜਾ ਰਹੇ ਹਨ । ਗੁਰਦੁਆਰਿਆਂ ਵਿੱਚ ਬਹੁਤੀ ਗਿਣਤੀ ਉਹਨਾਂ ਵਿਅਕਤੀਆਂ ਦੀ ਹੀ ਹੁੰਦੀ ਹੈ ਜਿਹੜੇ ਭਾਰਤ ਵਿਚੋਂ ਗਏ ਹਨ । ਅਮਰੀਕਾ ਵਿੱਚ ਜੰਮੇ ਪਲੇ ਬੱਚੇ ਗੁਰਦੁਆਰੇ ਬਹੁਤ ਘਟ ਜਾਂਦੇ ਹਨ । ਉਹਨਾਂ ਦਾ ਕਹਿਣਾ ਹੈ ਕਿ ਗੁਰਦੁਆਰੇ ਵਿੱਚ ਹੁੰਦੇ ਪ੍ਰੋਗਰਾਮ ਸਮਝ ਨਹੀਂ ਆਉਂਦੇ । ਨਾਲ ਹੀ ਲੜਾਈ ਝਗੜੇ ਨੇ ਗੁਰਦੁਆਰਿਆਂ ਪ੍ਰਤੀ ਸ਼ਰਧਾ ਘਟਾ ਦਿੱਤੀ ।

ਗੁਰਦੁਆਰਾ ਪ੍ਰਬੰਧਕਾਂ ਦੀ ਚੋਣ ਦਾ ਕੋਈ ਚੰਗਾ ਢੰਗ ਸਾਹਮਣੇ ਨਹੀਂ ਆ ਰਿਹਾ । ਜਿਹੜਾ ਤਰੀਕਾ ਹੁਣ ਅਸੀਂ ਵਰਤਦੇ ਹਾਂ ਇਸ ਵਿੱਚ ਸਿਵਾਇ ਫੁਟ ਤੇ ਲੜਾਈ ਦੇ ਕੁਝ ਨਹੀਂ ਨਿਕਲਦਾ । ਮੈਨੂੰ ਯਾਦ ਆਇਆ ਕਿ ਭੋਪਾਲ ਟੀ.ਟੀ. ਨਗਰ ਦੇ ਗੁਰਦੁਆਰਾ ਪ੍ਰਬੰਧਕਾਂ ਦੀ ਚੋਣ ਲਈ ਉਹਨਾਂ ਇੱਕ ਤਰੀਕਾ ਲੱਭਾ ਜਿਹੜਾ ਕਾਫੀ ਠੀਕ ਸਾਬਤ ਹੋ ਰਿਹਾ ਹੈ । ਉਥੇ ਪ੍ਰਧਾਨਗੀ ਲਈ ਆਪਣਾ ਨਾਂ ਕੋਈ ਆਪ ਪੇਸ਼ ਨਹੀਂ ਕਰ ਸਕਦਾ । ਜਦੋਂ ਪ੍ਰਧਾਨ ਚੁਣਨਾ ਹੁੰਦਾ ਹੈ ਤਾਂ ਇੱਕ ਖਾਸ ਦਿਨ ਸੰਗਤ ਵਿੱਚ ਪਰਚੀਆਂ ਵੰਡ ਦਿੱਤੀਆਂ ਜਾਂਦੀਆਂ । ਸੰਗਤਾਂ ਨੇ ਜਿਸ ਵਿੱਚ ਵਿਅਕਤੀ ਨੂੰ ਪ੍ਰਧਾਨ ਬਣਾਉਣਾ ਹੁੰਦਾ ਹੈ ਉਸਦਾ ਨਾਂ ਪਰਚੀ ਉਪਰ ਲਿਖ ਕੇ ਬਕਸੇ ਵਿੱਚ ਪਾ ਦਿੰਦੇ ਹਨ । ਜਿਸ ਨੂੰ ਵਧੇਰੇ ਪਰਚੀਆਂ ਪੈਂਦੀਆਂ ਹਨ ਸੰਗਤ ਉਸਨੂੰ ਪ੍ਰਧਾਨ ਬਣਨ ਲਈ ਹੁਕਮ ਕਰਦੀ ਹੈ । ਉਹ ਆਪਣੀ ਮਰਜ਼ੀ ਨਾਲ ਆਪਣੀ ਟੀਮ ਚੁਣ ਲੈਂਦਾ ਹੈ । ਕਿਉਂਕਿ ਕਿਸੇ ਨੇ ਵੀ ਪ੍ਰਧਾਨਗੀ ਲਈ ਆਪਣਾ ਨਾਂ ਪੇਸ਼ ਨਹੀਂ ਹੁੰਦਾ । ਇਸ ਲਈ ਭੰਡੀ ਪ੍ਰਚਾਰ ਦੀ ਨੌਬਤ ਹੀ ਨਹੀਂ ਆਉਂਦੀ । ਮੈਂ ਉਥੇ ਦੋ ਤਿੰਨ ਵਾਰ ਕੀਰਤਨ ਕਰਨ ਜਾ ਚੁੱਕਾ ਹਾਂ । ਕਈ ਸਾਲਾਂ ਤੋਂ ਉਥੇ ਇਹ ਤਰੀਕਾ ਅਪਣਾਇਆ ਜਾ ਰਿਹਾ ਹੈ ਤੇ ਕਦੀ ਲੜਾਈ ਝਗੜਾ ਸੁਣਿਆ ਨਹੀਂ । ਗੁਰਦੁਆਰਾ ਚੋਣਾਂ ਬਾਰੇ ਪ੍ਰਿੰਸੀਪਲ ਸਾਹਿਬ ਦੇ ਕੁਝ ਲੇਖ ਵੀ ਪੜ੍ਹਨ ਵਾਲੇ ਹਨ । ਵਿਦਵਾਨ ਸਜਣਾਂ ਨੂੰ ਉਹ ਪੜ੍ਹ ਕੇ ਵੀ ਅਗਵਾਈ ਦੇਣੀ ਚਾਹੀਦੀ ਹੈ ।

ਖੜਬੰਦਾ ਸਾਹਿਬ ਦਾ ਵਿਚਾਰ ਸੀ ਕਿ ਕਈ ਵਾਰ ਤਾਂ ਸਾਨੂੰ ਇਹ ਪਤਾ ਨਹੀਂ ਹੁੰਦਾ ਕਿ ਅਸੀਂ ਗੁਰਦੁਆਰਾ ਸਾਹਿਬ ਕਿਉਂ ਆਉਂਦੇ ਹਾਂ । ਜੇ ਪਹਿਲਾਂ ਪ੍ਰਯੋਜਨ ਦਾ ਪਤਾ ਹੋਵੇ ਤਾਂ ਗੁਰਦੁਆਰੇ ਤੋਂ ਵਾਪਸ ਆਉਣ ਵੇਲੇ ਵੀ ਆਪਣੇ ਆਪ ਨੂੰ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਅੱਜ ਗੁਰਦੁਆਰਾ ਸਾਹਿਬ ਵਿੱਚ ਜਿਹੜੇ ਪ੍ਰਯੋਜਨ ਨਾਲ ਗਏ ਸੀ ਉਹ ਪੂਰਾ ਹੋਇਆ ਕਿ ਨਹੀਂ ।

ਗੱਲਾਂ ਕਰਦਿਆਂ ਸਾਡਾ ਧਿਆਨ ਸਿੰਧੀ ਸੰਗਤ ਵੱਲ ਗਿਆ । ਉਹ ਗੁਰਦੁਆਰਾ ਸਾਹਿਬ ਜਾਣ ਵੇਲੇ ਆਪਣੀਆਂ ਗੁਰਬਾਣੀ-ਪੋਥੀਆਂ ਨਾਲ ਲੈ ਕੇ ਜਾਂਦੇ ਹਨ ਤੇ ਜਿਹੜਾ ਸ਼ਬਦ ਗਾਇਨ ਕੀਤਾ ਜਾ ਰਿਹਾ ਹੁੰਦਾ ਹੈ ਉਸ ਦੇ ਗਾਇਨ ਵਿੱਚ ਆਪ ਸ਼ਾਮਲ ਹੁੰਦੇ ਹਨ । ਇਹ ਤਰੀਕਾ ਬੰਬਈ ਦੇ ਖਾਰ ਸਿੰਘ ਸਭਾ ਗੁਰਦੁਆਰਾ ਵਿੱਚ ਵੀ ਵਰਤਿਆ ਜਾ ਰਿਹਾ ਹੈ ।

ਮੈਂ ਖੜਬੰਦਾ ਸਾਹਿਬ ਨੂੰ ਕਿਹਾ, "ਤੁਸੀਂ ਵੀ ਇਹੀ ਤਰੀਕਾ ਅਪਨਾਓ । ਪਰ ਜੇ ਕੋਈ ਰਾਗੀ ਸ਼ਬਦ ਉਚਾਰਨ ਵਿੱਚ ਗਲਤੀ ਕਰ ਜਾਵੇ ਤਾਂ ਉਸਨੂੰ ਸੁਧਾਰਨ ਤੁਰ ਪੈਣਾ ਨਹੀਂ ਤਾਂ ਸਾਰੇ ਇਸ ਗੱਲ ਨੂੰ ਵੀ ਚੰਗਾ ਨਹੀਂ ਸਮਝਣਗੇ । ਆਪਾਂ ਗੁਰੂ ਸਾਹਿਬ ਅੱਗੇ ਅਰਦਾਸ ਕਰੀਏ ਕਿ ਸਾਨੂੰ ਸੁਮੱਤ ਦੇਵੇ ਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਜੀਵੀਏ ।"

ਮਿਤੀ 24 ਮਈ 1997 ਨੂੰ ਸ਼ਨੀਵਾਰ ਸੀ । ਅਸੀਂ ਵਿਹਲੇ ਸਾਂ । ਅਚਾਨਕ ਪ੍ਰੋਗਰਾਮ ਬਣਾਇਆ ਕਿ ਰਾਤ ਨੂੰ ਘਰ ਕੀਰਤਨ ਕੀਤਾ ਜਾਵੇ ਤੇ ਲੰਗਰ ਕੀਤਾ ਜਾਵੇ । ਦੋਹਾਂ ਪਤੀ-ਪਤਨੀ ਨੇ ਫੋਨ ਖੜਕਾਣੇ ਸ਼ੁਰੂ ਕੀਤੇ ਤੇ ਲੰਗਰ ਦਾ ਪ੍ਰਬੰਧ ਵੀ ਕਰਨਾ ਅਰੰਭਿਆ । ਰਾਤ ਨੂੰ ਇਹਨਾਂ ਦੇ ਘਰ ਇਹਨਾਂ ਦੀ ਭੈਣ ਦਾ ਪਰਿਵਾਰ ਅਤੇ ਇਹਨਾਂ ਦੇ ਪਰਮ ਮਿੱਤਰ ਸੈਣੀ ਸਾਹਿਬ ਦਾ ਪਰਿਵਾਰ ਆ ਗਿਆ । ਮੈਂ ਲਗਭਗ ਡੇਢ ਘੰਟਾ ਕੀਰਤਨ ਕੀਤਾ । ਇਸ ਕੀਰਤਨ ਦਾ ਪ੍ਰਯੋਜਨ ਕੇਵਲ ਕੀਰਤਨ ਕਰਨਾ ਤੇ ਸੁਣਨਾ ਸੀ ਇਸ ਲਈ ਬਹੁਤ ਅਨੰਦ ਆਇਆ । ਨਹੀਂ ਤੇ ਅੱਜ ਕਲ ਸਮਾਜਕ ਸਮਾਗਮਾਂ ਤੇ ਕੀਤੇ ਜਾਣ ਵਾਲੇ ਕੀਰਤਨ ਵੇਲੇ ਤਾਂ ਮਨ ਪ੍ਰਬੰਧ ਵੱਲ ਹੀ ਦੌੜਦਾ ਰਹਿੰਦਾ ਹੈ । ਕੀਰਤਨ ਤੋਂ ਬਾਦ ਸਾਰਿਆਂ ਦੇ ਨਿੱਕੇ ਨਿੱਕੇ ਪ੍ਰਸ਼ਨ ਤੇ ਵਿਚਾਰਾਂ ਹੋਈਆਂ । ਖੜਬੰਦਾ ਸਾਹਿਬ ਅਤੇ ਸੈਣੀ ਸਾਹਿਬ ਜਦੋਂ ਅਮਰੀਕਾ ਵਿੱਚ ਆਏ ਸਨ ਤਾਂ ਇਹਨਾਂ ਨੂੰ ਬਹੁਤ ਮੁਸਕਲਾਂ ਆਈਆਂ ਪਰ ਇਹ ਪਤਿਤ ਨਹੀਂ ਹੋਏ । ਹੁਣ ਇਹ ਉਸ ਸਮੇਂ ਨੂੰ ਯਾਦ ਕਰਕੇ ਖੀਵੇ ਹੁੰਦੇ ਹਨ ।

ਖੜਬੰਦਾ ਪਰਿਵਾਰ ਨੇ ਘਰ ਵਿੱਚ ਇੱਕ ਚੰਗੇ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ । ਰੋਜ਼ ਸਵੇਰੇ ਪ੍ਰਕਾਸ਼ ਕਰਦੇ ਹਨ ਅਤੇ ਸ਼ਾਮ ਨੂੰ ਰਹਿਰਾਸ ਸਮੇਂ ਦੋਵੇਂ ਇੱਕ ਦੂਜੇ ਨੂੰ ਪਾਠ ਸੁਣਾਉਂਦੇ ਹਨ । ਖੜਬੰਦਾ ਜੋੜੀ ਆਪਣੀ ਸਰੀਰਕ ਸਿਹਤ ਵੱਲੋਂ ਵੀ ਜਾਗਰੂਕ ਹੈ । ਰੋਜ਼ਾਨਾ ਕਸਰਤ ਦੇ ਨਾਲ ਨਾਲ ਸ਼ਨੀਵਾਰ ਐਤਵਾਰ ਘੰਟਾ ਘੰਟਾ ਸੈਰ ਕਰਦੇ ਹਨ । ਇਹਨਾਂ ਦਾ ਘਰ ਬਹੁਤ ਵੱਡਾ ਹੈ । ਖੜਬੰਦਾ ਸਾਹਿਬ ਘਾਹ ਕੱਟਣ ਲਈ ਟ੍ਰੈਕਟਰ ਚਲਾਉਂਦੇ

ਹਨ । ਫੁੱਲਾਂ, ਬੂਟਿਆਂ ਸਬਜ਼ੀਆਂ ਦੀ ਦੇਖ ਭਾਲ ਕਰਦੇ ਹਨ । ਰੁੱਖਾਂ ਦੀ ਛਾਵੇਂ ਬੈਠ ਕੇ ਸੁਸਤਾਉਣਾ, ਪੜ੍ਹਨਾਂ, ਗੱਲਾਂ ਕਰਨੀਆਂ, ਸੰਗੀਤ ਸੁਣਨ ਤੇ ਚਾਹ-ਠੰਡਾ ਪ੍ਰੀਣ ਦਾ ਆਪਣਾ ਹੀ ਆਨੰਦ ਹੈ । ਚਾਰੇ ਪਾਸੇ ਹਰਿਆਵਲ ਉਦਾਸ ਨਹੀਂ ਹੋਣ ਦਿੰਦੀ । ਛੁੱਟੀ ਵਾਲੇ ਦਿਨ ਆਸੇ ਪਾਸੇ ਤੋਂ ਵੀ ਟ੍ਰੈਕਟਰਾਂ ਦੀ ਅਵਾਜ਼ ਆਉਂਦੀ ਹੈ । ਲਗਦਾ ਹੁੰਦਾ ਹੈ ਜਿਵੇਂ ਸਾਰੇ ਘਾਹ ਕੱਟ ਰਹੇ ਹਨ । ਅਗਲੇ ਦਿਨ ਗੁਰਦੁਆਰਾ ਬ੍ਰਿਜਵਾਟਰ ਕੀਰਤਨ ਸੀ । ਸਵੇਰੇ ਅਸੀਂ ਗੁਰਦੁਆਰਾ ਸਾਹਿਬ ਪੁੱਜੇ ।

ਗੁਰਦੁਆਰਾ ਬ੍ਰਿਜਵਾਟਰ ਦਾ ਮੇਰੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ । ਜਦੋਂ ਮੈਂ ਪਹਿਲੀ ਵਾਰ ਵਿਦੇਸ਼ ਯਾਤਰਾ ਕੀਤੀ ਤਾਂ ਉਦੋਂ ਗੁਰਦੁਆਰਾ ਬ੍ਰਿਜਵਾਟਰ ਨਿਊਜਰਸੀ ਦੀ ਸੰਗਤ ਨੇ ਹੀ ਮੈਨੂੰ ਬੁਲਾਇਆ ਸੀ । 1983 ਵਿੱਚ ਉਦੋਂ ਇਥੇ ਡਾ. ਮਹਿੰਦਰ ਸਿੰਘ ਪੁਆਰ ਪ੍ਰਧਾਨ ਸਨ । 1983 ਨੂੰ ਅਮਰੀਕਾ ਜਾਣ ਦੇ ਸਿਲਸਲੇ ਯਾਦ ਕਰਕੇ ਅਜੇ ਵੀ ਆਪਣੇ ਆਪ ਤੇ ਹਾਸਾ ਆਉਂਦਾ ਹੈ ।

ਸ਼ਾਇਦ ਜਨਵਰੀ ਦਾ ਮਹੀਨਾ ਸੀ ਜਦੋਂ ਮੈਂ ਆਪਣੇ ਦਫਤਰ ਵਿੱਚ ਬੈਠਾ ਹੋਇਆ ਸਾਂ । ਸ੍ਰ. ਹਰਜਾਪ ਸਿੰਘ ਔਜਲਾ ਦੇ ਛੋਟੇ ਭਰਾ ਜੇ. ਐਸ. ਔਜਲਾ ਸਾਡੇ ਦਫਤਰ ਆਏ । ਉਦੋਂ ਉਹ ਚੰਡੀਗੜ੍ਹ ਵਿੱਚ ਐਸ. ਐਸ. ਪੀ. ਸਨ । ਉਹਨਾਂ ਮੈਨੂੰ ਦੱਸਿਆ ਕਿ ਅਮਰੀਕਾ ਦੀਆਂ ਸੰਗਤਾਂ ਮੇਰਾ ਕੀਰਤਨ ਸੁਣਨਾ ਚਾਹੁੰਦੀਆਂ ਹਨ । ਉਦੋਂ ਤੱਕ ਮੇਰਾ ਵਿਦੇਸ਼ ਜਾਣ ਦਾ ਬਿਲਕੁਲ ਹੀ ਵਿਚਾਰ ਨਹੀਂ ਸੀ । ਉਹਨਾਂ ਨੇ ਹੀ ਮੇਰਾ ਪਾਸਪੋਰਟ ਬਣਾਉਣ ਵਿੱਚ ਮਦਦ ਕੀਤੀ । ਜਦੋਂ ਪਾਸਪੋਰਟ ਬਣ ਗਿਆ ਤਾਂ ਸਪਾਂਸਰਸਿਪ ਆ ਗਈ । ਮੈਂ ਸਪਾਂਸਰਸਿਪ ਨੂੰ ਹੀ ਸਭ ਕੁਝ ਸਮਝ ਲਿਆ ਤੇ ਦਫਤਰੋਂ ਛੁੱਟੀ ਲੈ ਕੇ ਬੈਠ ਗਿਆ । ਜਦੋਂ ਅਮੇਰੀਕਨ ਐਂਬੈਸੀ ਵੀਜ਼ਾ ਲੈਣ ਗਿਆ ਤਾਂ ਉਹਨਾਂ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ । ਮੈਂ ਮਨ ਹੀ ਮਨ ਸ਼ੁਕਰ ਮਨਾਇਆ । ਆ ਕੇ ਹਰਜਾਪ ਸਿੰਘ ਨੂੰ ਫੋਨ ਕਰਕੇ ਦੱਸਿਆ । ਉਹਨਾਂ ਕਿਹਾ ਕਿ ਮੈਂ ਅਜੇ ਛੁੱਟੀ ਰੱਦ ਨਾ ਕਰਾਵਾਂ ਤੇ ਫਿਰ ਐਂਬੈਸੀ ਜਾਵਾਂ । ਮੈਂ ਫਿਰ ਐਂਬੈਸੀ ਗਿਆ ਉਹਨਾਂ ਫਿਰ ਨਾਂਹ ਕਰ ਦਿੱਤੀ । ਮੈਂ ਆ ਕੇ ਫਿਰ ਫੋਨ ਕੀਤਾ ਤਾਂ ਹਰਜਾਪ ਸਿੰਘ ਹੋਰਾਂ ਮੈਨੂੰ ਦੱਸਿਆ ਕਿ ਭਾਰਤ ਵਿੱਚ ਅਰਜੀਤ ਸਿੰਘ ਮਾਹਲ ਆ ਰਹੇ ਹਨ ਉਹ ਵੀਜ਼ਾ ਲੈਣ ਵਿੱਚ ਤੁਹਾਡੀ ਮਦਦ ਕਰਨਗੇ । ਅਰਜੀਤ ਸਿੰਘ ਮਾਹਲ ਆਏ ਉਹ ਮੇਰੇ ਨਾਲ ਐਂਬੈਸੀ ਗਏ ਤੇ ਮਾਮੂਲੀ ਜਿਹੀ ਗੱਲਬਾਤ ਤੋਂ ਬਾਦ ਵੀਜ਼ਾ ਮਿਲ ਗਿਆ । ਹੁਣ ਤੱਕ ਮੇਰੀ ਦੋ ਮਹੀਨੇ ਦੀ ਛੁੱਟੀ ਖਤਮ ਹੋ ਚੁੱਕੀ ਸੀ । ਮੈਂ ਕੇਵਲ ਦੋ ਮਹੀਨਿਆ ਲਈ ਅਮਰੀਕਾ ਗਿਆ । ਉਦੋਂ ਮੈਂ ਪਹਿਲੀ ਵਾਰੀ ਹਵਾਈ ਜਹਾਜ਼ ਤੇ ਚੜਿਆ ਸੀ ਤੇ ਪਹਿਲੀ ਵਾਰੀ ਮੇਰੀ ਵਿਦੇਸ਼ ਯਾਤਰਾ ਸੀ । ਅਮਰੀਕਾ ਦੀ ਰੰਗ ਬਰੰਗੀ ਦੁਨੀਆਂ ਵੇਖ ਕੇ ਸ਼ਾਮ ਨੂੰ ਮੇਰੇ ਸਿਰ ਵਿੱਚ ਦਰਦ ਹੋਣ ਲੱਗ ਪੈਂਦਾ ਸੀ ।

ਉਦੋਂ ਇਥੋਂ ਦੀਆਂ ਸੰਗਤਾਂ ਨੇ ਮੈਨੂੰ ਬਹੁਤ ਪਿਆਰ ਕੀਤਾ ਸੀ । ਉਹਨਾਂ ਦਿਨਾਂ ਵਿੱਚ ਮੈਂ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਰਿਕਾਰਡ ਕੀਤਾ । ਬਹੁਤ ਸ਼ਾਰੇ ਬੱਚਿਆਂ ਨੂੰ ਕੀਰਤਨ ਸਿਖਾਇਆ । ਪਿਟਸਬਰਗ ਵਿਖੇ ਕੈਂਪ ਵਿੱਚ ਬੱਚਿਆਂ ਨੂੰ ਕੀਰਤਨ ਸਿਖਾਇਆ । ਉਸ ਸਮੇਂ ਇਥੇ ਆਪਸ ਵਿੱਚ ਬੜਾ ਪਿਆਰ ਸੀ । ਬੜਾ ਉਤਸ਼ਾਹ ਸੀ । ਅਜੇ ਗੁਰਦੁਆਰਾ ਸਾਹਿਬ ਦੀ ਇਮਾਰਤ ਨਹੀਂ ਸੀ ਬਣੀ । ਉਦੋਂ ਇਥੇ ਗਿਆਨੀ ਦਰਸ਼ਨ ਸਿੰਘ ਮੁੱਖ ਗ੍ਰੰਥੀ ਦੀ ਸੇਵਾ ਕਰਦੇ ਸਨ । ਡਾ. ਮਹਿੰਦਰ ਸਿੰਘ ਪੁਆਰ ਪ੍ਰਧਾਨ ਹੁੰਦੇ ਸਨ । ਕੈਸਟਾਂ ਰਿਕਾਰਡ ਕੀਤੀਆਂ ਜਾਂਦੀਆਂ ਸਨ । ਉਹਨਾਂ ਦਿਨਾਂ ਵਿੱਚ ਗੁ. ਰਿਚਮੰਡ ਹਿਲ ਨਿਊਯਾਰਕ ਵਿੱਚ ਇੱਕ ਕੀਰਤਨ ਕੀਤਾ ਸੀ । ਉਥੇ ਉਦੋਂ ਗਿਆਨੀ ਗੁਰਦੀਪ ਸਿੰਘ ਹੈਡ ਗ੍ਰੰਥੀ ਅਤੇ ਭਾਈ ਤਰਲੋਕ ਸਿੰਘ ਮੀਤ ਗ੍ਰੰਥੀ ਹੁੰਦੇ ਸਨ । ਸ੍ਰ. ਬਲਦੇਵ ਸਿੰਘ, ਸ੍ਰ. ਰਹਿੰਦਰ ਸਿੰਘ ਕੁਮਰਾ ਆਦਿ ਕੀਰਤਨ ਦੀ ਸੂਝ ਰੱਖਣ ਵਾਲੇ ਪ੍ਰਬੰਧਕ ਹੁੰਦੇ ਹਨ । ਉਦੋਂ ਮੈਂ ਭਾਰਤ ਆ ਕੇ ਯਾਤਰਾ ਬਾਰੇ ਲੇਖ ਲਿਖਿਆ ਸੀ ।

ਗੁਰਦੁਆਰਾ ਬ੍ਰਿਜਵਾਟਰ ਵਿੱਚ ਕੀਰਤਨ ਦੇ ਪਧਰ ਨੂੰ ਕਾਇਮ ਰੱਖਣ ਦੀ ਕੋਸ਼ਿਸ ਕੀਤੀ ਜਾਂਦੀ ਹੈ । ਇਥੇ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਦੀਦਾਰ ਸਿੰਘ ਆਦਿ ਮਾਨਯੋਗ ਉਚ ਕੋਟੀ ਦੇ ਕੀਰਤਨੀਏ, ਕੀਰਤਨ ਕਰ ਚੁੱਕੇ ਹਨ ।

1985 ਵਿੱਚ ਫਿਰ ਇਥੋਂ ਦੀ ਸੰਗਤ ਨੇ ਮੇਰੇ ਰਾਗੀ ਜੱਥੇ ਨੂੰ ਬੁਲਾਇਆ । ਇਸ ਸਮੇਂ ਮੈਂ ਇਥੇ ਲਗਭਗ ਛੇ ਮਹੀਨੇ ਰਿਹਾ ਸਾਂ । ਬਹੁਤ ਸਾਰੀਆਂ ਕੀਰਤਨ ਕੈਸਟਾਂ ਤਿਆਰ ਕੀਤੀਆਂ ਸਨ । ਜਿਹਨਾਂ ਦੀ ਪ੍ਰਸੰਸ਼ਾ ਅਜੇ ਵੀ ਹੁੰਦੀ ਹੈ । ਇਥੇ ਹੀ ਮੈਂ ਬਹੁਤ ਸਾਰੀਆਂ ਪੁਸਤਕਾਂ ਪੜ੍ਹੀਆਂ । ਬਹੁਤ ਵਧੀਆ ਸਖਸ਼ੀਅਤਾਂ ਨੂੰ ਮਿਲਿਆ ਜਿਹਨਾਂ ਨੇ ਮੇਰੇ ਜੀਵਨ ਤੇ ਬਹੁਤ ਚੰਗਾ ਪ੍ਰਭਾਵ ਪਾਇਆ । ਉਹਨਾਂ ਨੇ ਮੈਨੂੰ ਜੀਵਨ ਜਾਂਚ ਦੇ ਕਈ ਚੰਗੇ ਗੁਰ ਸਿਖਾਏ । ਮੇਰੇ ਜਿਹਨ ਵਿੱਚ ਉਹਨਾਂ ਵਿੱਚੋਂ ਕੁਝ ਨਾਂ ਉਭਰਦੇ ਹਨ: ਪਸਰੀਚਾ ਸਾਹਿਬ ਸ. ਸ. ਕਥੂਰੀਆ ਬੰਬਈ ਵਾਲੇ, ਜਗਜੀਤ ਸਿੰਘ ਕਥੂਰੀਆ ਦਿੱਲੀ ਵਾਲੇ ਅਰੋੜਾ ਸਾਹਿਬ ਆਦਿ ।

# 'ਸਭ ਬਿਧਿ ਤੁਮ ਹੀ ਜਾਨਤੇ'

## (ਕੀਰਤਨੀਏ ਡਾ. ਜਾਗੀਰ ਸਿੰਘ)

★ ਟੀ. ਸਿਰੀਜ਼ ਵੱਲੋਂ ਰਿਲੀਜ਼ ਕੀਤੀ ਡਾ. ਜਗੀਰ ਸਿੰਘ ਦੀ ਕੈਸਟ 'ਸਭ ਬਿਧਿ ਤੁਮ ਹੀ ਜਾਨਤੇ' ਦੀ ਜਿੰਨੀ ਤਾਰੀਫ ਕੀਤੀ ਜਾਵੇ, ਥੋੜ੍ਹੀ ਹੈ । ਭਾਵੇਂ 'ਅੰਮ੍ਰਿਤ ਵਰਖਾ' ਵੱਲੋਂ ਡਾਕਟਰ ਸਾਹਿਬ ਦੀਆਂ ਕਈ ਕੈਸਟਾਂ ਮਾਰਕੀਟ ਵਿੱਚ ਆਈਆਂ ਹੋਈਆਂ ਹਨ ਪਰ ਟੀ. ਸਿਰੀਜ਼ ਵੱਲੋਂ ਇਹ ਪਹਿਲੀ ਕੈਸਟ ਹੈ । ਡਾਕਟਰ ਸਾਹਿਬ ਦੀ ਗਾਇਨ ਸ਼ੈਲੀ ਨਿਵੇਕਲੀ ਹੈ । ਇਸ ਵਿੱਚ ਗੰਭੀਰਤਾ ਵਧੇਰੇ ਹੁੰਦੀ ਹੈ । ਅੱਜ ਕਲ ਦੇ ਬਹੁਤੇ ਕੀਰਤਨੀਏ ਚਲੰਤ ਕਹਿਰਵੇ ਅਤੇ ਦਰੁੱਤ ਸ਼ੈਲੀ ਵਿੱਚ ਕੀਰਤਨ ਕਰਦੇ ਹਨ ਪਰ ਡਾਕਟਰ ਸਾਹਿਬ ਬੈਠਵੀਂ ਮੱਧ ਲੈਅ ਵਿੱਚ ਕੀਰਤਨ ਕਰਦੇ ਹਨ ।

ਇਸ ਕੈਸਟ ਵਿਚ ਡਾਕਟਰ ਸਾਹਿਬ ਨੇ ਚਾਰ ਸ਼ਬਦਾਂ ਦਾ ਗਾਇਨ ਕੀਤਾ ਹੈ । ਏ ਸਾਈਡ ਦਾ ਪਹਿਲਾ ਸ਼ਬਦ 'ਸਭ ਬਿਧਿ ਤੁਮ ਹੀ ਜਾਨਤੇ' ਗੁਰੂ ਗ੍ਰੰਥ ਸਾਹਿਬ ਦੇ ਪੰਨਾ 432 ਤੇ ਦਰਜ ਹੈ । ਇਸ ਸ਼ਬਦ ਵਿੱਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪੁਰਾਤਨ ਕੀਰਤਨ ਦੀ ਝਲਕ ਮਿਲਦੀ ਹੈ । ਅੱਠ ਮਾਤਰਾ ਦਾ ਤਲਵਾੜਾ ਉਥੋਂ ਦੀ ਵਿਸ਼ੇਸ਼ ਸ਼ੈਲੀ ਹੈ । ਡਾਕਟਰ ਸਾਹਿਬ ਦੀ ਰੀਤ ਵਿੱਚੋਂ ਛੰਤ ਗਾਉਣ ਦੀ ਝਲਕ ਪੈਂਦੀ ਹੈ । ਇਹ ਸ਼ਬਦ ਵੀ ਤਾਂ ਬਿਰਹੜੇ ਛੰਤਾਂ ਦਾ ਹੈ । ਦੂਸਰਾ ਸ਼ਬਦ ਸ਼ੇਖ ਫਰੀਦ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਪੰਨਾ 794 ਤੇ ਦਰਜ ਹੈ । ਡਾਕਟਰ ਸਾਹਿਬ ਦੀ ਇਹ ਪੁਰਾਤਨ ਰੀਤ ਹੈ । 'ਕਿਰਵਾਣੀ ਰਾਗ' ਦੀਆਂ ਸੁਰਾਂ ਜਾਪਦੀਆਂ ਹਨ । ਦਿੱਲੀ ਦੀਆਂ ਸੰਗਤਾਂ ਡਾਕਟਰ ਸਾਹਿਬ ਦੇ ਕਈ ਸ਼ਬਦ ਇਸੇ ਰਾਗ ਵਿਚ ਸੁਣਦੀਆਂ ਤੇ ਅਨੰਦ ਮਾਣਦੀਆਂ ਹਨ ।

ਬੀ-ਸਾਈਡ ਦਾ ਪਹਿਲਾ ਸ਼ਬਦ 'ਮੇਰੇ ਸਾਹਾ ਮੈਂ ਹਰਿ ਦਰਸ਼ਨ ਸੁਖ ਹੋਇ' ਦਾ ਗਾਇਨ ਕੀਤਾ ਹੈ । ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ 670 ਤੇ ਦਰਜ ਹੈ । ਇਸ ਸ਼ਬਦ ਦੀ ਰੀਤ ਪ੍ਰਭਾਵਸ਼ਾਲੀ ਹੈ । ਇੱਕ ਥਾਂ ਤੇ ਇਸ ਸ਼ਬਦ ਦੇ ਉਚਾਰਨ ਵਿੱਚ ਅਸ਼ੁੱਧੀ ਹੈ ।

'ਤੇਰਾ ਕੀਆ ਸਚ ਸਭ ਹੋਇ' ਦੀ ਥਾਂ 'ਤੇਰਾ ਕੀਆ ਸਚ ਸਭ ਹੋਵੈ' ਅਤੇ ਝੂਠਾ ਕਿਸ ਕਉ ਆਖੀਐ ਸਾਹਾ' ਦੀ ਥਾਂ ਝੂਠਾ ਕਿਸ ਕਉ ਆਖੀਐ ਮੇਰੇ ਸਾਹਾ' ਉਚਾਰਨ ਹੋਇਆ ਹੈ । ਬੀ -ਸਾਈਡ ਤੇ ਦੂਜਾ ਸ਼ਬਦ 'ਮੇਰਾ ਮਨ ਲਾਗਾ ਹੈ ਰਾਮ ਪਿਆਰੇ' ਗਾਇਆ ਗਿਆ ਹੈ । ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ 670 ਤੇ ਦਰਜ ਹੈ । ਇਹ ਸ਼ਬਦ ਵੀ ਨਿਵੇਕਲੀ ਸ਼ੈਲੀ ਵਿਚ ਹੈ । ਇਹ ਰੀਤ ਆਮ ਸੰਗਤਾਂ ਬਹੁਤ ਪਸੰਦ ਕਰਦੀਆਂ ਹਨ । ਇਸ ਕੈਸਟ ਵਿੱਚ ਡਾਕਟਰ ਸਾਹਿਬ ਦੀ ਗਾਇਕੀ ਦੇ ਨਾਲ ਨਾਲ ਸ਼ਬਦ ਦੇ ਬੋਲ ਬੜੇ ਸਾਫ ਹਨ, ਗੁਰਬਾਣੀ ਤੋਂ ਨਾ-ਜਾਣਕਾਰ ਵੀ ਸਮਝ ਜਾਂਦਾ ਹੈ । ਡਾਕਟਰ ਸਾਹਿਬ ਦੀ ਰਸ-ਭਿੰਨੀ ਆਵਾਜ ਤੋਂ ਜਾਪਦਾ ਹੈ ਕਿ ਆਪ ਨੇ ਗਾਇਨ ਦੇ ਨਾਲ-ਨਾਲ ਆਪ ਵੀ ਕੀਰਤਨ ਦਾ ਅਨੰਦ ਮਾਣਿਆ ਹੈ । ਇਸੇ ਕਰਕੇ ਪੂਰੀ ਕੈਸਟ ਵਿੱਚ ਇੱਕ ਰਸ-ਭਰਿਆ ਆਨੰਦ ਆਉਂਦਾ ਹੈ ਤੇ ਸਰੋਤੇ ਦਾ ਮਨ ਜੁੜ ਜਾਂਦਾ ਹੈ ।

★ ਇਸ ਕੈਸਟ ਦਾ ਟੀ. ਸਿਰੀਜ਼ ਦਾ ਨੰ: 01/840 ਹੈ । ਪਾਠਕ ਇਸ ਕੈਸਟ ਨੂੰ ਖਰੀਦ ਕੇ ਅਨੰਦ ਮਾਣ ਸਕਦੇ ਹਨ ।

ਨਵੀਂ ਦਿੱਲੀ — ਆਵਤ ਸਿੰਘ

★ 'ਸਭ ਬਿਧਿ ਤੁਮ ਹੀ ਜਾਨਤੇ' ਕੈਸਟ ਬਹੁਤ ਸੁਹਣੀ ਹੈ । ਸੁਣਨ ਵਿੱਚ ਬਹੁਤ ਅਨੰਦ ਆਉਂਦਾ ਹੈ ਤੇ ਵਾਰ-ਵਾਰ ਸੁਣਨ ਨੂੰ ਦਿਲ ਕਰਦਾ ਹੈ । ਕੈਸਟ ਦੇ ਸ਼ੁਰੂ ਵਿੱਚ ਜੋ ਬੰਦਨਾ ਕਰਕੇ ਸ਼ਬਦ ਸ਼ੁਰੂ ਕੀਤਾ ਹੈ ਇਹ ਨਿਵੇਕਲਾ ਹੀ ਰੰਗ ਬੱਝਦਾ ਹੈ । ਇਸ ਦੇ ਸਾਰੇ ਸ਼ਬਦ ਸੁਣਨ ਤੇ ਹੀ ਆਨੰਦ ਮਾਣਿਆ ਜਾ ਸਕਦਾ ਹੈ ।

ਵਿਕਾਸਪੁਰੀ, ਨਵੀਂ ਦਿੱਲੀ — ਨਰਿੰਦਰਪਾਲ ਸਿੰਘ

★ 'ਸਭ ਬਿਧਿ ਤੁਮ ਹੀ ਜਾਨਤੇ' ਕੈਸਟ ਬਹੁਤ ਹੀ ਸੁੰਦਰ ਹੈ । ਕਵਰ ਬੜਾ ਪ੍ਰਭਾਵਸ਼ਾਲੀ ਹੈ । 'ਸਭ ਬਿਧਿ ਤੁਮ ਹੀ ਜਾਨਤੇ ਅਤੇ 'ਤੇ ਸਾਹਿਬ ਕੀ ਮੈਂ ਸਾਰ ਨਾ ਜਾਣੀ' ਤਾਂ ਬੜੇ ਹੀ ਵੈਰਾਗਮਈ ਸ਼ਬਦ ਹਨ ।

ਲੁਧਿਆਣਾ — ਬੱਬਲੀ ਐਸ. ਸਿੰਘ

★ 'ਸਭ ਬਿਧਿ ਤੁਮ ਹੀ ਜਾਨਤੇ' ਕੈਸਟ ਸੁਣ ਕੇ ਬੜਾ ਆਨੰਦ ਆਇਆ । ਇਤਨੀ ਵਧੀਆ ਕੈਸਟ ਲਈ ਵਧਾਈ ਕਬੂਲ ਕਰਨੀ ।

ਪੂਰਬਾ ਟੇਲਰ, ਚੰਡੀਗੜ੍ਹ — ਜਸਬੀਰ ਸਿੰਘ

★ ਆਪ ਦੀ ਕੈਸਟ 'ਸਭ ਬਿਧਿ ਤੁਮ ਹੀ ਜਾਨਤੇ' ਸੁਣ ਕੇ ਬਹੁਤ ਅਨੰਦ ਆਇਆ । ਪਰ ਆਪ ਜੀ ਨੇ ਸਾਰੇ ਸਬਦ 'ਪ੍ਰਚਲਤ ਹੀ ਗਾਏ ਹਨ । ਤੁਹਾਡੇ ਤੇ ਤਾਂ ਗੁਰੂ ਮਹਾਰਾਜ ਦੀ ਅਥਾਹ ਬਖਸ਼ਿਸ਼ ਹੈ । ਆਪ ਜੀ ਅਪ੍ਰਚਲਿਤ ਸ਼ਬਦਾਂ ਦੀਆਂ ਬੰਦਸ਼ਾਂ ਤਿਆਰ ਕਰੋ । ਅਪ੍ਰਚਲਿਤ ਸ਼ਬਦਾਂ ਨੂੰ ਰਿਕਾਰਡ ਕਰਵਾਇਆ ਕਰੋ । ਪ੍ਰਚਲਤ ਸ਼ਬਦ ਤਾਂ ਸਾਰੇ ਹੀ ਗਾ ਲੈਂਦੇ ਹਨ । ਆਪ ਜੀ ਕੋਈ ਨਵੀ ਚੀਜ਼ ਪੇਸ ਕਰਿਆ ਕਰੋ ।

ਗੁਰਦੁਆਰਾ ਬਾਬਾ ਗਾਂਧਾ ਸਿੰਘ, ਬਰਨਾਲਾ — ਅਵਤਾਰ ਸਿੰਘ 'ਹੰਸ' ਰਾਗੀ

★ ਤੁਹਾਡਾ ਕੈਸਟ 'ਸਭ ਬਿਧਿ ਤੁਮਹੀ ਜਾਨਤੇ ਬੜਾ ਪਿਆਰਾ ਲੱਗਾ ਹੈ । ਰੋਜ ਸੁਣਦੇ ਹਾਂ ਅਤੇ ਆਪ ਨੂੰ ਅਸੀਸਾਂ ਦਿੰਦੇ ਹਾਂ । ਤੁਹਾਡਾ ਰਹਿੰਦਰ ਸੰਗੀਤ ਵਾਂਗ ਆਪਣਾ ਹੀ ਰੰਗ ਹੈ । ਸੁਣਦਿਆਂ ਛੱਡਣ ਨੂੰ ਜੀ ਨਹੀਂ ਕਰਦਾ ।

ਗੁਰਮਤਿ ਪ੍ਰਚਾਰ ਟ੍ਰਸਟ, ਨਵੀਂ ਦਿਲੀ — ਪ੍ਰੋ. ਹਰਕਿਸ਼ਨ ਸਿੰਘ, ਪ੍ਰਧਾਨ

**The Sikh Review**

116 Karnani Mansion

25-A, Park Steet, Calcutta 700016

# ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦਾ ਵੇਰਵਾ

| ਮੁਖ ਰਾਗ | | ਪੰ: |
|---|---|---|
| ੧. | ਰਾਗੁ ਸਿਰੀਰਾਗੁ | ੧੪ |
| ੨. | ਰਾਗੁ ਮਾਝ | ੯੪ |
| ੩. | ਰਾਗੁ ਗਉੜੀ | ੧੫੧ |
| ੪. | ਰਾਗੁ ਆਸਾ | ੩੪੭ |
| ੫. | ਰਾਗੁ ਗੂਜਰੀ | ੪੮੯ |
| ੬. | ਰਾਗੁ ਦੇਵਗੰਧਾਰੀ | ੫੨੭ |
| ੭. | ਰਾਗੁ ਬਿਹਾਗੜਾ | ੫੩੭ |
| ੮. | ਰਾਗੁ ਵਡਹੰਸੁ | ੫੫੭ |
| ੯. | ਰਾਗੁ ਸੋਰਠਿ | ੫੯੫ |
| ੧੦. | ਰਾਗੁ ਧਨਾਸਰੀ | ੬੬੦ |
| ੧੧. | ਰਾਗੁ ਜੈਤਸਰੀ | ੬੯੬ |
| ੧੨. | ਰਾਗੁ ਟੋਡੀ | ੭੧੧ |
| ੧੩. | ਰਾਗੁ ਬੈਰਾੜੀ | ੭੧੯ |
| ੧੪. | ਰਾਗੁ ਤਿਲੰਗ | ੭੨੧ |
| ੧੫. | ਰਾਗੁ ਸੂਹੀ | ੧੨੮ |
| ੧੬. | ਰਾਗੁ ਬਿਲਾਵਲੁ | ੭੯੫ |
| ੧੭. | ਰਾਗੁ ਗੋਂਡ | ੮੭੯ |
| ੧੮. | ਰਾਗੁ ਰਾਮਕਲੀ | ੮੭੬ |
| ੧੯. | ਰਾਗੁ ਨਟ ਨਾਰਾਇਨ | ੯੭੫ |
| ੨੦. | ਰਾਗੁ ਮਾਲੀ ਗਉੜਾ | ੯੮੪ |
| ੨੧. | ਰਾਗੁ ਮਾਰੂ | ੯੮੯ |
| ੨੨. | ਰਾਗੁ ਤੁਖਾਰੀ | ੧੧੦੭ |
| ੨੩. | ਰਾਗੁ ਕੇਦਾਰਾ | ੧੧੧੮ |
| ੨੪. | ਰਾਗੁ ਭੈਰਉ | ੧੧੨੫ |
| ੨੫. | ਰਾਗੁ ਬਸੰਤੁ | ੧੧੬੮ |
| ੨੬. | ਰਾਗੁ ਸਾਰੰਗ | ੧੧੯੭ |
| ੨੭. | ਰਾਗੁ ਮਲਾਰ | ੧੨੫੪ |
| ੨੮. | ਰਾਗੁ ਕਾਨੜਾ | ੧੨੯੪ |
| ੨੯. | ਰਾਗੁ ਕਲਿਆਨ | ੧੩੨੯ |
| ੩੦. | ਰਾਗੁ ਪ੍ਰਭਾਤੀ | ੧੩੨੭ |
| ੩੧. | ਰਾਗੁ ਜੈਜਾਵੰਤੀ | ੧੩੫੨ |

| ਅਧੀਨ ਰਾਗ | | ਪੰ: |
|---|---|---|
| ੧. | ਗਉੜੀ ਦੀਪਕੀ | ੧੨ |
| ੨. | ਗਉੜੀ ਪੂਰਬੀ | ੧੩ |
| ੩. | ਗਉੜੀ ਚੇਤੀ | ੧੫੪ |
| ੪. | ਗਉੜੀ ਬੈਰਾਗਣਿ | ੧੫੬ |
| ੫. | ਗਉੜੀ ਪੂਰਬੀ ਦੀਪਕੀ | ੧੫੭ |
| ੬. | ਗਉੜੀ ਗੁਆਰੇਰੀ | ੧੫੭ |
| ੭. | ਗਉੜੀ ਮਾਝ | ੧੭੨ |
| ੮. | ਗਉੜੀ ਮਾਲਵਾ | ੨੧੪ |
| ੯. | ਗਉੜੀ ਮਾਲਾ | ੨੧੪ |
| ੧੦. | ਨਟ | ੯੭੫ |
| ਮਿਸ਼੍ਰਿਤ ਰਾਗ | | |
| ੧. | ਗਉੜੀ ਭੀ ਸੋਰਠਿ ਭੀ | ੩੩੦ |
| ੨. | ਆਸਾਵਰੀ ਸੁਧੰਗ | ੩੬੯ |
| ੩. | ਆਸਾ ਆਸਾਵਰੀ | ੪੦੯ |
| ੪. | ਸੂਹੀ ਲਲਿਤ | ੭੯੩ |
| ੫. | ਬਿਲਾਵਲੁ ਗੋਂਡ | ੮੭੪ |
| ੬. | ਬਸੰਤੁ ਹਿੰਡੋਲ | ੧੧੮੬ |
| ੭. | ਕਲਿਆਨੁ ਭੋਪਾਲੀ | ੧੩੨੧ |
| ੮. | ਪਰਭਾਤੀ ਬਿਭਾਸ | ੧੩੨੭ |
| ੯. | ਬਿਭਾਸ ਪ੍ਰਭਾਤੀ | ੧੩੪੭ |
| ਦਖਣੀ ਰਾਗ | | |
| ੧. | ਗਉੜੀ ਦਖਣੀ | ੧੫੨ |
| ੨. | ਵਡਹੰਸੁ ਦਖਣੀ | ੫੮੦ |
| ੩. | ਬਿਲਾਵਲੁ ਦਖਣੀ | ੮੪੩ |
| ੪. | ਰਾਮਕਲੀ ਦਖਣੀ | ੯੦੭ |
| ੫. | ਮਾਰੂ ਦਖਣੀ | ੧੦੩੩ |
| ੬. | ਪ੍ਰਭਾਤੀ ਦਖਣੀ | ੧੩੪੩ |
| ਕਾਫੀ ਰਾਗ | | |
| ੧. | ਆਸਾ ਕਾਫੀ | ੩੬੫ |
| ੨. | ਤਿਲੰਗ ਕਾਫੀ | ੭੨੬ |
| ੩. | ਸੂਹੀ ਕਾਫੀ | ੭੫੧ |
| ੪. | ਮਾਰੂ ਕਾਫੀ | ੧੦੧੪ |

ਗਉੜੀ ਭੀ ਸੋਰਠਿ ਭੀ - ਭਾਵ ਬਗੈਰ ਮਿਲਾਏ ਦੋਹਾਂ ਰਾਗਾਂ ਵਿਚ ਗਾਇਆ ਜਾ ਸਕਦਾ ਹੈ । ਸੁਧੰਗ = ਸ਼ੁਧ । ਦਖਣੀ - ਭਾਵ ਦਖਿਣ ਭਾਰਤੀ ਸ਼ੈਲੀ ਤੇ ਗਾਉਣਾ । ਕਾਫੀ - ਭਾਵ ਕਾਫੀ ਸ਼ੈਲੀ ਤੇ ਗਾਉਣਾ ।

ਮੁਖ ਰਾਗ - ੩੧, ਅਧੀਨ ਰਾਗ ੧੦, ਮਿਸ਼੍ਰਿਤ ਰਾਗ - ੯, ਦਖਣੀ ਰਾਗ - ੬, ਕਾਫੀ ਰਾਗ - ੪ **ਜੋੜ = ੬੦**

ਸੰਗ੍ਰਹ ਕਰਤਾ - ਗਿ. ਆਵਤ ਸਿੰਘ

# ਤਬਲੇ ਦੇ ਬੋਲ

ਜਿਵੇਂ ਗਾਇਨ ਵਿੱਚ ਸਾ ਰੇ ਗਾ ਮਾ ਪਾ ਧੀ ਨੀ ਸੁਰਾਂ ਨਿਸਚਿਤ ਹੁੰਦੀਆਂ ਹਨ ਇਸੇ ਤਰ੍ਹਾਂ ਤਬਲੇ ਦੇ ਬੋਲ ਵੀ ਨਿਸ਼ਚਿਤ ਹੁੰਦੇ ਹਨ । ਤਬਲੇ ਉਤੇ ਵਜਣ ਵਾਲੇ ਬੋਲ ਹਨ- ਤਾ, ਨਾ, ਦ, ਟ, ਤੀ, ਤਿਨ, ਘ, ਕ, ਗ, ੜ, ਧ, ਕ, ਧੀ, ਧਿਨ, ਤੂ, ਤ੍ਰਿਕ, ਕਿਟ ਤਿਟ ਆਦਿ । ਇਹਨਾਂ ਬੋਲਾਂ ਵਿਚੋਂ ਕੁਝ ਬੋਲ ਸੱਜੇ ਹੱਥ ਨਾਲ ਸੱਜੇ ਤਬਲੇ ਉਤੇ ਵਜਾਏ ਜਾਂਦੇ ਹਨ ਅਤੇ ਕੁਝ ਬੋਲ ਖੱਬੇ ਹੱਥ ਨਾਲ ਖੱਬੇ ਤਬਲੇ ਜਿਸ ਨੂੰ ਡੁੱਗੀ ਜਾਂ ਧਾਮਾ ਕਿਹਾ ਜਾਂਦਾ ਹੈ, ਉਤੇ ਵਜਾਏ ਜਾਂਦੇ ਹਨ । ਇਹਨਾਂ ਵਿਚ ਕੁਝ ਬੋਲ ਇਕੱਲੇ ਹੁੰਦੇ ਹਨ ਅਤੇ ਕੁਝ ਬੋਲ ਦੋ ਬੋਲਾਂ ਦੇ ਮੇਲ ਤੋਂ ਬਣਦੇ ਹਨ ।

*ਸੱਜੇ ਹੱਥ ਨਾਲ ਸੱਜੇ ਤਬਲੇ ਉਤੇ ਵਜਣ ਵਾਲੇ ਬੋਲ :*

ਤ, ਨ, ਤੀ, ਤਿਨ, ਤੂ, ਟ ਅਤੇ ੜ

*ਖੱਬੇ ਹੱਥ ਨਾਲ ਖੱਬੇ ਤਬਲੇ ਉਤੇ ਵਜਣ ਵਾਲੇ ਬੋਲ :*

ਗ, ਘ, ਕ, ਇਹ ਤਿੰਨ ਮੁਖ ਬੋਲ ਹਨ. । ਗ ਅਤੇ ਘ ਨੂੰ ਗੇ ਅਤੇ ਘੇ ਵੀ ਕਿਹਾ ਜਾਂਦਾ ਹੈ ।

*ਸੱਜੇ ਹੱਥ ਵਾਲੇ ਤਬਲੇ ਉਤੇ ਬੋਲ ਵਜਾਉਣ ਦੀ ਵਿਧੀ :-*

*ਤਾ ਜਾਂ ਨਾ :-* ਇਹ ਬੋਲ ਤਬਲੇ ਦੇ ਕਿਨਾਰੇ ਨੂੰ ਜਿਸ ਨੂੰ ਚਾਂਟੀ ਵੀ ਕਿਹਾ ਜਾਂਦਾ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਠੋਕਰ ਮਾਰਨ ਨਾਲ ਤਾ ਅਤੇ ਕਾ ਬੋਲ ਵੱਜਦੇ ਹਨ ।

*ਤੀ :-* ਸਿਆਹੀ ਅਤੇ ਚਾਂਟੀ ਦੇ ਵਿਚਕਾਰਲੇ ਭਾਗ ਜਿਸ ਨੂੰ ਕੋਰ ਵੀ ਕਿਹਾ ਜਾਂਦਾ ਹੈ ਇਸ ਉਤੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਠੋਕਰ ਮਾਰਨ ਤੇ 'ਤੀ' ਬੋਲ ਵਜਦਾ ਹੈ ।

*ਤਿੰਨ :-* ਪੁੜੀ ਉਪਰ ਲੱਗੀ ਸਿਆਹੀ ਉਤੇ ਉਂਗਲ ਮਾਰਨ ਨਾਲ ਇਹ ਬੋਲ ਵਜਾਇਆ ਜਾਂਦਾ ਹੈ ।

*ਨੋਟ :-* ਇਹ ਤਿੰਨੇ ਬੋਲ ਵਜਾਉਣ ਲਈ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਇਹਨਾਂ ਵੱਖ-ਵੱਖ ਥਾਂਵਾਂ ਤੇ ਠੋਕਰ ਮਾਰ ਕੇ ਉਂਗਲੀ ਨੂੰ ਇਕ ਦਮ ਉਪਰ ਚੁੱਕ ਲੈਣਾ ਹੈ ਤਾਂ ਜੋ ਤਬਲੇ ਦੀ ਆਵਾਜ਼ ਚੰਗੀ ਤਰ੍ਹਾਂ ਸੁਣੀ ਜਾ ਸਕੇ । ਇਸ ਸਮੇਂ ਹੱਥ ਦੀਆਂ ਬਾਕੀ ਉਂਗਲਾਂ ਦੀ ਸਥਿਤੀ ਇਸ ਤਰ੍ਹਾਂ ਹੋਵੇਗੀ- ਦੂਜੀ ਉਂਗਲ ਉਪਰ ਉਠੀ ਹੋਈ ਭਾਵ ਇਹ ਪੁੜੀ ਨੂੰ ਛੂਹਣੀ ਨਹੀਂ ਚਾਹੀਦੀ । ਤੀਜੀ ਉਂਗਲ ਸਿਆਹੀ ਉਤੇ ਪੋਲੀ ਜਿਹੀ ਟਿਕੀ ਹੋਈ ਤਾਂ ਜੋ ਪੁੜੀ ਦੀ ਆਵਾਜ਼ ਸੁਰ ਵਿੱਚ ਇਕੋ ਜਿਹੀ ਨਿਕਲੇ । ਚੀਚੀ ਉਂਗਲੀ ਭਾਵ ਚੌਥੀ ਉਂਗਲੀ ਕਿਨਾਰੇ ਤੇ ਟਿਕੀ ਹੋਈ । ਅੰਗੂਠਾ ਪਹਿਲੀ ਉਂਗਲ ਦੇ ਨਾਲ ਹੀ ਲੱਗਾ ਰਹੇਗਾ ।

*ਤੇ --* 'ਤੇ' ਵਜਾਉਣ ਲਈ ਦੂਜੀ ਤੀਜੀ ਅਤੇ ਚੌਥੀ ਉਂਗਲ ਨਾਲ ਇੱਕੋ ਸਮੇਂ ਕਿਨਾਰੇ ਕੋਰ ਅਤੇ ਸਿਆਹੀ ਨਾਲ ਥਾਪ ਦੇਣੀ ਚਾਹਦਿੀ ਹੈ ਤੇ ਇਹ ਉਂਗਲਾਂ ਉਥੇ ਟਿਕੀਆਂ ਰਹਿਣੀਆਂ ਚਾਹੀਦੀਆਂ ਹਨ ਤਾਂ ਜੋ ਆਵਾਜ਼ ਉਥੇ ਹੀ ਬੰਦ ਹੋ ਜਾਵੇ ।

*ਟੇ --* 'ਟੇ' ਵਜਾਉਣ ਲਈ ਪਹਿਲੀ ਉਂਗਲੀ ਨੂੰ ਸਿਆਹੀ ਵਾਲੇ ਹਿੱਸੇ ਤੇ ਠੋਕਰ ਮਾਰਦਿਆਂ ਟਿਕਾ ਦੇਣਾ ਚਾਹੀਦਾ ਹੈ ਤੇ ਆਵਾਜ਼ ਬੰਦ ਕਰ ਦੇਣੀ ਚਾਹੀਦੀ ਹੈ ।

*ਧਾਮੇ (ਡੁੱਗੀ) ਉਤੇ ਵੱਜਣ ਵਾਲੇ ਬੋਲ :*

ਧਾਮੇ ਜਾਂ ਡੁੱਗੀ ਦੇ ਪੁੜੇ ਚੌੜਾਈ ਸੱਜੇ ਤਬਲੇ ਦੇ ਪੁੜੇ ਨਾਲੋਂ ਵੱਧ ਹੁੰਦੀ ਹੈ । ਪੰਜਾਬ ਵਿੱਚ ਪਹਿਲਾਂ ਆਟੇ ਵਾਲੇ ਧਾਮੇ ਦਾ ਰਿਵਾਜ ਸੀ ਪਰ ਹੁਣ ਬਹੁਤਾ ਕਰਕੇ ਡੁੱਗੀ ਹੀ ਵਜਾਈ ਜਾਂਦੀ ਹੈ । ਇਸ ਉਤੇ ਮੁੱਖ ਬੋਲ ਦੋ ਹੀ ਵਜਦੇ ਹਨ ਕੇ ਅਤੇ ਘੇ ।

*ਕੇ --* ਕੇ ਦਾ ਬੋਲ ਕੱਢਣ ਲਈ ਖੱਬਾ ਹੱਥ ਪੂਰੇ ਪੁੜੇ ਉਤੇ ਜ਼ੋਰ ਦਾ ਟਿਕਾਉਂਦੇ ਹਨ ਤਾਂ ਇਹ ਬੋਲ ਨਿਕਲਦਾ । ਕਈ ਵਾਰ ਉਂਗਲ ਨੂੰ ਇਕੱਠਾ ਕਰਕੇ ਸਾਰੇ ਨਾਖੂਨਾਂ ਨੂੰ ਵੀ ਪੁੜੇ ਉਪਰ ਮਾਰਕੇ ਟਿਕਾਉਂਦੇ ਹਨ ।

*ਘੇ --* 'ਘੇ' ਬੋਲ ਨੂੰ ਕੱਢਣ ਲਈ ਹਥੇਲੀ ਦਾ ਹੇਠਲਾ ਭਾਗ ਤਾਂ ਪੁੜੇ ਦੀ ਸਿਆਹੀ ਤੋਂ ਪਹਿਲੇ ਸਫੈਦ ਹਿੱਸੇ ਤੇ ਟਿਕਿਆ ਰਹਿੰਦਾ ਹੈ ਤੇ ਸਿਆਹੀ ਦੇ ਅਗਲੇ ਸਫੈਦ ਹਿੱਸੇ ਤੇ ਪਹਿਲੀ, ਦੂਜੀ ਅਤੇ ਤੀਜੀ ਉਂਗਲੀ ਨਾਲ ਇਕੱਲੀ ਠੋਕਰ ਮਾਰ ਕੇ ਚੁੱਕ ਲਿਆ ਜਾਂਦਾ ਹੈ । ਇਸ ਨਾਲ ਘ ਦੀ ਅਵਾਜ਼ ਸੁਣਾਈ ਦਿੰਦੀ ਹੈ ।

*ਗੇ --* ਜਦੋਂ ਖੱਬੇ ਹੱਥ ਦੀ ਹਥੇਲੀ ਦਾ ਹੇਠਲਾਂ ਹਿੱਸਾ ਪੁੜੇ ਦੀ ਸਿਆਹੀ ਦੇ ਹੇਠਲੇ ਸਫੈਦ ਭਾਗ ਤੇ ਟਿਕਿਆ ਰਹਿੰਦਾ ਹੈ ਤੇ ਪਹਿਲੀ ਦੂਜੀ ਤੇ ਤੀਜੀ ਉਂਗਲ ਨਾਲ ਸਿਆਹੀ ਤੋਂ ਅਗਲੇ ਸਫੇਦ ਭਾਗ ਤੇ ਚੋਟ

ਕੀਤੀ ਜਾਂਦੀ ਹੈ ਪਰ ਹਥੇਲੀ ਦੇ ਹੇਠਲੇ ਹਿੱਸੇ ਨੂੰ ਬਹੁਤ ਦਬਾਇਆ ਨਹੀਂ ਜਾਂਦਾ ਤਾਂ ਗੇ ਦੀ ਆਵਾਜ਼ ਪੈਦਾ ਹੁੰਦੀ ਹੈ ।

***ਸੱਜੇ ਅਤੇ ਖੱਬੇ ਦੋਹਾਂ ਉਤੇ ਵੱਜਣ ਵਾਲੇ ਬੋਲ :-***

ਅਸੀਂ ਇਹ ਜਾਣ ਗਏ ਹਾਂ ਕਿ ਸੱਜੇ ਤਬਲੇ ਉਤੇ ਮੁਖ ਬੋਲ ਤਾਂ, ਤਿੰਨ ਟੇ, ਤੇ, ਤੀ ਅਤੇ ਖੱਬੇ ਤਬਲੇ ਕੇ ਅਤੇ ਘੇ ਮੁਖ ਬੋਲ ਵਜਦੇ ਹਨ । ਇਹਨਾਂ ਦੋਹਾਂ ਨੂੰ ਮਿਲਾ ਕੇ ਵਜਾਉਣ ਨਾਲ ਧਾ, ਧੀ, ਧਿਨ ਬੋਲ ਪੈਦਾ ਹੁੰਦੇ ਹਨ । ਇਥੇ ਖੱਬਾ ਤਬਲਾ ਜਾਂ ਡੁੱਗੀ, ਮਾਨੋ ਅੰਗਰੇਜ਼ੀ ਦੇ H ਅਖਰ ਦਾ ਕੰਮ ਦਿੰਦਾ ਹੈ । ਜਿਵੇਂ D ਨਾਲ H ਜੋੜਨ ਤੇ – ਧਾ ਦੀ ਆਵਾਜ਼ ਬਣਦਾ ਹੈ, T ਨਾਲ H ਦੀ ਆਵਾਜ਼ ਜੋੜ 'ਦੀ' ਅਵਾਜ਼ ਬਣ ਜਾਂਦੀ ਹੈ ।

*ਧਾ ਦਾ ਬੋਲ :-* ਜਦੋਂ ਸੱਜੇ ਤਬਲੇ ਉਪਰ ਤਾ ਅਤੇ ਖੱਬੇ ਤਬਲੇ ਉਪਰ 'ਘੇ' ਦੇ ਬੋਲ ਇਕੱਠੇ ਵਜਾਏ ਜਾਣ ਤਾਂ ਧਾ ਦੀ ਆਵਾਜ਼ ਪੈਦਾ ਹੁੰਦੀ ਹੈ ।

*ਧੀ --* ਜਦੋਂ ਸੱਜੇ ਤਬਲੇ ਤੋਂ 'ਤੀ' ਅਤੇ ਖੱਬੇ ਤਬਲੇ ਤੋਂ 'ਘੇ' ਵਜਾਵਾਂਗੇ ਤਾਂ ਧੀ ਬਣੇਗਾ ।

*ਧਿੰਨ--* ਜਦੋਂ ਅਸੀਂ ਖੱਬੇ ਤਬਲੇ ਦੇ ਪੁੜੇ 'ਗੇ' ਅਤੇ ਸਜੇ ਤਬਲੇ ਦੇ ਪੁੜੇ ਤੇ 'ਤੀ' ਵਜਾਉਂਦੇ ਹਾਂ ਤਾਂ ਧਿੰਨ ਦੀ ਆਵਾਜ਼ ਨਿਕਲਦੀਂ ਹੈ ।

ਇਸ ਤਰ੍ਹਾਂ ਤਬਲੇ ਦੇ ਬੋਲਾਂ ਦੀ ਸਥਿਤੀ ਇਸ ਤਰ੍ਹਾਂ ਬਣ ਜਾਂਦੀ ਹੈ ।

***ਸੱਜੇ ਤਬਲੇ ਦੇ ਬੋਲ*** – ਤਾ, ਨ, ਤੀ, ਤਿਨ, ਤੂ, ਟ, ੜ

***ਖੱਬੇ ਤਬਲੇ ਦੇ ਬੋਲ*** – ਘ, ਗ, ਕ

***ਦੋਹਾਂ ਨੂੰ ਮਿਲਾ ਕੇ ਬੋਲ*** –

ਤਾ + ਘ = ਧਾ

ਤੀ + ਘ = ਧੀ

ਤਿੰਨ + ਘ = ਧਿੰ

ਇਹਨਾਂ ਸਾਰੇ ਬੋਲਾਂ ਨੂੰ ਕਿਸੇ ਤਬਲੇ ਦੇ ਉਸਤਾਦ ਤੋਂ ਸਮਝ ਲੈਣਾ ਚਾਹੀਦਾ ਹੈ । ਫਿਰ ਅਭਿਆਸ ਕਰਨਾ ਚਾਹੀਦਾ ਹੈ । ਤਬਲੇ ਦਾ ਅਭਿਆਸ ਪਹਿਲਾਂ ਪਹਿਲਾਂ ਅਲੂਣੀ ਸਿੱਲ ਚੱਟਣ ਵਾਲੀ ਗੱਲ ਹੁੰਦੀ ਹੈ ਪਰ ਹੌਲੀ ਹੌਲੀ ਇਸ ਵਿਚੋਂ ਅਨੰਦ ਆਉਣ ਲੱਗ ਪੈਂਦਾ ਹੈ । ਤਬਲਾ ਸਿਖਣ ਵਾਲੇ ਵਿਦਿਆਰਥੀ ਨੂੰ ਸੰਗੀਤ ਸੁਣਨ ਸਮੇਂ ਤਬਲੇ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ । ਕਿਸੇ ਵੀ ਤਬਲਾ ਵਾਦਨ ਵਿੱਚ ਕਿਵੇਂ ਵੱਖ ਵੱਖ ਬੋਲਾਂ ਦੀਆਂ ਆਵਾਜ਼ਾਂ ਆ ਰਹੀਆਂ ਹਨ । ਸੁਣਨ ਨਾਲ ਸੰਗੀਤ ਸਿਖਲਾਈ ਬੜੀ ਪ੍ਰਭਾਵਸ਼ਾਲੀ ਬਣ ਜਾਂਦੀ ਹੈ ।

## ਰਾਗਾਂ ਦੀਆਂ ਸਰਗਮ-ਬੰਦਸ਼ਾਂ

ਕਿਸੇ ਵੀ ਰਾਗ ਦੇ ਸਰੂਪ ਨੂੰ ਸਮਝਣ ਅਤੇ ਸਿਖਣ ਲਈ ਰਾਗਾਂ ਦੀਆਂ ਸਰਗਮ-ਬੰਦਸ਼ਾਂ ਦੀ ਵਿਸ਼ੇਸ਼ ਮਹੱਤਤਾ ਹੈ । ਸਰਗਮਾਂ ਬੰਦਸ਼ਾ ਦੇ ਰੋਜ਼ਾਨਾ ਰਿਆਜ਼ ਨਾਲ ਤਾਨਾਂ ਦੀ ਤਿਆਰੀ ਅਤੇ ਰਾਗਾਂ ਦਾ ਸਰੂਪ ਆਪਣੇ ਆਪ ਸਿੱਖਿਆ ਜਾਂਦਾ ਹੈ । ਅਸੀਂ ਆਉਣ ਵਾਲੇ ਅੰਕਾਂ ਵਿੱਚ ਭਾਤਖੰਡੇ ਜੀ ਦੀਆਂ ਰਾਗਾਂ ਦੀਆਂ ਕੁਝ ਸਰਗਮ ਬੰਦਸ਼ਾਂ ਛਾਪਣ ਦਾ ਜਤਨ ਕਰਾਂਗੇ । ਇਹਨਾਂ ਸਰਗਮਾ ਬਾਰੇ ਭਾਤਖੰਡੇ ਜੀ ਦਾ ਵਿਚਾਰ ਹੈ ਕਿ ਮੁਸਲਮਾਨ ਗਾਇਕ ਇਹਨਾਂ ਸਰਗਮ ਬੰਦਸ਼ਾਂ ਦੇ ਰਿਆਜ ਕਰਕੇ ਆਪਣਾ ਗਲਾ ਤਿਆਰ ਕਰਦੇ ਸਨ । ਉਹ ਉਸਤਾਦ ਆਪਣੇ ਸ਼ਾਗਿਰਦਾ ਨੂੰ ਇੱਕ ਇੱਕ ਸਰਗਮ ਬੰਦਸ਼ ਦਾ ਕਈ ਕਈ ਮਹੀਨੇ ਰਿਆਜ਼ ਕਰਾਉਂਦੇ ਸਨ ।

*ਬਿਲਾਵਲ ਤਿੰਨ ਤਾਲ*

| | | | | | | | | | | | | | | | |
|---|---|---|---|---|---|---|---|---|---|---|---|---|---|---|---|
| 3 | | | | ੲ | | | | 2 | | | | 0 | | | |
| ਮ | ਪ | ਧ | ਨੀ | ਸਾਂ | S | ਸਾਂ | S | ਸਾਂ | ਰੇਂ | ਸਂ | ਨੀ | ਧਾ | ਪਾ | ਮਾ | ਗ |
| ਗ | ਮਾ | ਪਾ | ਗਾ | ਮਾ | ਗਾ | ਰੇ | ਸਾ | ਧਾ | ਨੀ | ਸਾਂ | ਨੀ | ਧਾ | ਪਾ | ਮਾ | ਗਾ |

*ਅੰਤਰਾ*

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪਾ | ਪਾ | ਧਾ | ਨੀ | ਸਾਂ | S | ਸਾਂ | S | ਸਾਂ | ਰੇਂ | ਗਾਂ | ਮਾਂ | ਗਾਂ | ਰੇਂ | ਸਾਂ | S |
| ਗਾਂ | ਰੇਂ | ਸਾਂ | ਰੇਂ | ਸਾਂ | ਨੀ | ਪਾ | ਪਾ | ਧਾ | ਨੀ | ਸਾਂ | ਨੀ | ਧ | ਪਾ | ਮਾ | ਗਾ |

ਕੈਸਟ ਸਮੀਖਿਆ

ਹਰਚਰਨ ਸਿੰਘ ਕਲਕਤਾ

# ਸਾਵਲ ਸੁੰਦਰ ਰਾਮਈਆ *(ਰਾਗੀ-ਭਾਈ ਚਤਰ ਸਿੰਘ ਜੀ)*

ਸਮੀਖਿਆ ਅਧੀਨ ਕੈਸਟ 'ਸਾਵਲ ਸੁੰਦਰ ਰਾਮਈਆ' ਅੱਜ ਤੋਂ ਪੱਚੀ 'ਕੁ ਸਾਲ ਪਹਿਲਾਂ 'ਸ੍ਰੀ ਗੁਰੂ ਨਾਨਕ ਸਤਿਸੰਗ ਸਭਾ, ਸਿੰਗਾਪੁਰ' ਦੁਆਰਾ ਰਿਲੀਜ਼ ਕੀਤੀ ਗਈ ਸੀ । ਇਸ ਸੰਸਥਾ ਦੀ ਇਹ ਖੂਬੀ ਹੈ ਕਿ ਇਹ ਦੇਸ਼ ਅਤੇ ਵਿਦੇਸ਼ਾਂ ਦੇ ਮੰਨੇ ਪ੍ਰਮੰਨੇ ਰਾਗੀ ਜੱਥਿਆਂ ਨੂੰ ਸੱਦਾ ਪੱਤਰ ਦੇ ਕੇ ਸਿੰਗਾਪੁਰ ਬੁਲਾਉਂਦੀ ਹੈ 'ਤੇ ਫਿਰ ਸਵੇਰੇ ਸ਼ਾਮ ਉਨ੍ਹਾਂ ਦਾ ਕੀਰਤਨ ਗੁਰਦੁਆਰਾ ਸਾਹਿਬ ਵਿਖੇ ਕਰਵਾ ਕੇ ਕੈਸਟਾਂ ਵਿੱਚ ਰਿਕਾਰਡ ਕਰ ਲੈਂਦੀ ਹੈ । ਹਰ ਇੱਕ ਕੈਸਟ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਤਿਆਰ ਕੀਤਾ ਜਾਂਦਾ ਹੈ ਤੇ ਆਡਰ ਮਿਲਣ 'ਤੇ ਦੁਨੀਆ ਦੇ ਹਰ ਕੋਨੇ ਵਿੱਚ ਡਾਕ ਰਾਹੀਂ ਉਪਰਲੀ ਖਰਚਾ ਜਾਂ ਆਮਦਨ ਨਾ ਰੱਖ ਕੇ ਮੁੱਲ 'ਤੇ ਹੀ ਭੇਜਿਆ ਜਾਂਦਾ ਹੈ । ਕੈਸਟਾਂ ਦੀ ਰਿਕਾਰਡਿੰਗ C-90 ਦੀਆ ਵਧੀਆ ਜਾਪਾਨੀ ਕੈਸਟਾਂ ਜਿਵੇਂ ਕਿ ਸੋਨੀ, ਨੈਸ਼ਨਲ, ਟੀ.ਡੀ. ਕੇ, ਹਿਟਾਚੀ ਆਦਿ 'ਤੇ ਹੀ ਕੀਤੀ ਜਾਂਦੀ ਹੈ । 'ਸ੍ਰੀ ਗੁਰੂ ਨਾਨਕ ਸਤਿਸੰਗ ਸਭਾ' ਇਹ ਸੇਵਾ ਪਿਛਲੇ ਕਈ ਸਾਲਾਂ ਤੋਂ ਕਰਦੀ ਚਲੀ ਆ ਰਹੀ ਹੈ ਤੇ ਹੁਣ ਵੀ ਕਰ ਰਹੀ ਹੈ । ਇਸ ਸਭਾ ਦੇ ਮੈਂਬਰ ਸ੍ਰ. ਅਮੀਰ ਸਿੰਘ ਜੀ ਹਨ ਜੋ ਇੱਕ ਤਗੜੇ ਵਿਉਪਾਰੀ ਵੀ ਹਨ ਪਰ ਨਾਲ ਦੇ ਨਾਲ ਇਹ ਨਿਸ਼ਕਾਮ ਸੇਵਾ ਇੱਕ ਤਰ੍ਹਾਂ ਨਾਲ ਇਕੱਲੇ ਹੀ ਨਿਭਾ ਰਹੇ ਹਨ । ਇਨ੍ਹਾਂ ਕੈਸਟਾਂ ਨੂੰ ਪ੍ਰਾਪਤ ਕਰਨ ਦੇ ਚਾਹਵਾਨ ਇਸ ਪਤੇ ਉਪਰ ਚਿੱਠੀ ਭੇਜ ਕੇ ਸੰਪੂਰਨ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ-

S. Amir Singh Ji,
01-07, High Street Plaza,
77, High Street, Singapore-0617

ਚਿੱਠੀ ਲਿਖਣ 'ਤੇ ਉਹ ਬੜਾ ਸੁਹਣਾ ਉੱਤਰ ਦੇਣਗੇ ਅਤੇ ਨਾਲ ਹੀ ਰਾਗੀ ਜੱਥਿਆਂ ਦੇ ਨਾਂ ਦੀ ਲਿਸਟ ਅਤੇ ਕਿਸ ਰਾਗੀ ਜੱਥੇ ਦੀਆਂ ਕਿੰਨੀਆਂ ਕੈਸਟਾਂ ਉਪਲਬਧ ਹਨ ਦੀ ਜਾਣਕਾਰੀ ਲਿਖ ਭੇਜਣਗੇ ।

ਭਾਈ ਚਤਰ ਸਿੰਘ ਜੀ ਦੀਆਂ ਉਨ੍ਹਾਂ ਪਾਸ 40 ਕੈਸਟਾਂ ਹਨ ਜਿਨ੍ਹਾਂ ਵਿੱਚੋਂ 'ਸਾਵਲ ਸੁੰਦਰ ਰਾਮਈਆ' ਦੀ ਸਮੀਖਿਆ ਨਮੂਨੇ ਵਜੋਂ ਪਾਠਕਾਂ ਸਨਮੁਖ ਪੇਸ਼ ਹੈ । ਜਦੋਂ ਇਹ ਕੈਸਟ ਭਾਈ ਚਤਰ ਸਿੰਘ ਜੀ ਦੀ ਸਿੰਘਾਪੁਰ ਫੇਰੀ ਸਮੇਂ ਤਿਆਰ ਕੀਤੀ ਗਈ ਸੀ, ਉਸ ਸਮੇਂ ਉਨ੍ਹਾਂ ਨਾਲ ਵਾਜੇ ਦੇ ਸਾਥੀ ਦਿੱਲੀ ਵਾਲੇ ਭਾਈ ਚਰਨਜੀਤ ਸਿੰਘ ਜੀ ਹੋਇਆ ਕਰਦੇ ਸਨ ਅਤੇ ਤਬਲੇ 'ਤੇ ਵੀ ਕੋਈ ਹੋਰ ਸਿੰਘ ਹੀ ਸਾਥ ਦਿਆ ਕਰਦਾ ਸੀ, ਭਾਈ ਸਾਹਿਬ ਸ਼ਾਇਦ ਮੂਲ ਰੂਪ ਵਿੱਚ ਸਿੰਧ ਦੇ ਇਲਾਕੇ ਨਾਲ ਸਬੰਧ ਰੱਖਦੇ ਹਨ ਅਤੇ ਵਰਤਮਾਨ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿਵਾਸ ਰੱਖਦੇ ਹਨ । ਪਿੱਛੇ ਜਿਹੇ ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ 'ਸ਼੍ਰੋਮਣੀ ਰਾਗੀ' ਅਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ ।

ਕੈਸਟ ਦੀ A-ਸਾਈਡ ਦਾ ਪਹਿਲਾ ਸ਼ਬਦ ਗਉੜੀ (ਕਬੀਰ ਜੀਉ) ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 335 ਉਪਰ ਅੰਕਿਤ ਹੈ । ਬੋਲ ਹਨ 'ਸਾਵਲ ਸੁੰਦਰ ਰਾਮਈਆ ॥ ਮੇਰਾ ਮਨੁ ਲਾਗਾ ਤੋਹਿ ॥' ਜੋ ਕਿ ਰਹਾਉ ਦੀ ਪੰਕਤੀ ਵੀ ਹੈ । ਦਾਦਰਾ ਤਾਲ ਵਿੱਚ ਨਿਬੱਧ ਇਸ ਸ਼ਬਦ ਨੂੰ ਆਪ ਜੀ ਨੇ ਰਾਗੁ ਗਉੜੀ ਵਿੱਚ ਹੀ ਗਾਇਨ ਕੀਤਾਂ ਹੈ । ਇਸ ਸ਼ਬਦ ਦੀ ਰੀਤ ਬੜੀ ਸੁੰਦਰ ਹੈ ਅਤੇ ਤਬਲਾ ਵਾਦਨ ਅਤਿ ਢੁਕਵਾਂ ਹੈ ।

ਇਸੇ ਸਾਈਡ ਦਾ ਦੂਸਰਾ ਸ਼ਬਦ ਹੈ 'ਰਾਮ ਗੁਸਈਆ, ਜੀ ਕੇ ਜੀਵਨਾ ॥ ਮੋਹਿ ਨ ਬਿਸਾਰਹੁ, ਮੈ ਜਨੁ ਤੇਰਾ ॥' ਜੋ ਕਿ ਰਹਾਉ ਦੀ ਪੰਕਤੀ ਵੀ ਹੈ । ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 345 ਉਪਰ ਰਾਗ ਗਉੜੀ ਰਵਿਦਾਸ ਜੀ ਅਧੀਨ ਅੰਕਿਤ ਹੈ । ਇਹ ਸ਼ਬਦ ਕਹਿਰਵਾ ਤਾਲ ਵਿੱਚ ਨਿਬੱਧ ਹੈ ਅਤੇ ਆਪ ਜੀ ਨੇ ਗਉੜੀ ਰਾਗ ਵਿੱਚ ਹੀ ਇਸ ਦਾ ਗਾਇਨ ਕੀਤਾ ਹੈ । ਭਾਈ ਚਰਨਜੀਤ ਸਿੰਘ ਜੀ ਨੇ ਗਾਇਨ ਦੌਰਾਨ ਬੜੇ ਸੁੰਦਰ ਢੰਗ ਨਾਲ ਅਲਾਪ ਲਏ ਹਨ ।

A-ਸਾਈਡ ਦਾ ਤੀਜਾ ਸ਼ਬਦ ਸਿਰੀ ਰਾਗੁ ਮਹਲਾ 1 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 14-15 ਉਪਰ ਅੰਕਿਤ ਹੈ । ਇਸ ਸ਼ਬਦ ਦੀ ਅਸਥਾਈ ਦੀ ਪੰਕਤੀ ਆਪ ਜੀ ਨੇ ਰੱਖੀ ਹੈ 'ਭੀ ਤੇਰੀ ਕੀਮਤਿ ਨਾ ਪਵੈ, ਹਉ ਕੇਵਡੁ ਆਖਾ ਨਾਉ ॥' ਜਦਕਿ ਰਹਾਉ ਦੀ ਪੰਕਤੀ ਹੈ 'ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣ ਆਖਣਾ, ਜੇ ਭਾਵੈ ਕਰੇ ਤਮਾਇ ॥' ਦਾਦਰਾ ਤਾਲ ਵਿੱਚ ਨਿਬੱਧ ਇਸ ਸ਼ਬਦ ਦੀ ਰੀਤ ਉਸ ਜ਼ਮਾਨੇ ਦੀ ਇੱਕ ਫਿਲਮੀ ਤਰਜ਼ ਨਾਲ ਹੂਬਹੂ ਮਿਲਦੀ ਹੈ । ਖ਼ੈਰ ਇਸ ਸ਼ਬਦ ਦੇ ਗਾਇਨ ਦੀ ਵਿਸ਼ੇਸ਼ਤਾ ਹੈ ਕਿ ਪ੍ਰਮਾਣ ਬਹੁਤ ਹੀ ਢੁਕਵੇਂ

** ਲੇਖਕ ਨੇ ਤਬਲਾ ਵਾਦਨ ਵਿੱਚ ਵਿਧੀਵਤ ਤਾਲੀਮ ਹਾਸਲ ਕੀਤੀ ਹੋਈ ਹੈ । ਕਿਸੇ ਸਮੇਂ ਇਹਨਾਂ ਦਾ ਸਾਰਾ ਪਰਿਵਾਰ ਕੀਰਤਨ ਕਰਦਾ ਸੀ । ਇਸ ਸਮੇਂ ਆਪਣੇ ਆਪਨ ਨੂੰ ਲਿਖਣ ਵੱਲ ਸਮਰਪਤ ਕੀਤਾ ਹੋਇਆ ਹੈ ।*

*ਪਤਾ : 170, ਪਾਰਕ ਸਟਰੀਟ, ਕਲਕੱਤਾ*

ਦਿੱਤੇ ਗਏ ਹਨ ।

ਇਸੇ ਸਾਈਡ ਦਾ ਚੌਥਾ ਸ਼ਬਦ ਹੈ 'ਦਾਸ ਤੇਰੇ ਕੀ ਬੇਨਤੀ, ਰਿਦ ਕਰਿ ਪਰਗਾਸੁ ॥ ਤੁਮਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸ ॥' ਜਦ ਕਿ ਰਹਾਉ ਦੀ ਪੰਕਤੀ 'ਕੀਰਤਨ ਨਾਮੁ ਸਿਮਰਤ ਰਹਾਉ, ਜਬ ਲਗੁ ਘਟਿ ਸਾਸੁ ॥' ਇਹ ਸ਼ਬਦ ਬਿਲਾਵਲੁ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 818 ਉਪਰ ਅੰਕਿਤ ਹੈ । ਇਹ ਸ਼ਬਦ 14 ਮਾਤ੍ਰਾ ਦੇ ਦੀਪਚੰਦੀ ਤਾਲ ਵਿੱਚ ਨਿਬੱਧ ਹੈ ਅਤੇ ਆਪ ਜੀ ਨੇ ਇਸ ਨੂੰ ਰਾਗੁ ਮਿਸ਼ਰ ਬਿਲਾਵਲ ਵਿੱਚ ਗਾਇਨ ਕੀਤਾ ਹੈ । ਇਸ ਸ਼ਬਦ ਦੀ ਰੀਤ ਬਹੁਤ ਵਧੀਆ ਹੈ ਅਤੇ ਇਹ ਸ਼ਬਦ ਤੇ ਇਸ ਤੋਂ ਅਗਲੇ ਸ਼ਬਦ ਨੂੰ ਇਸ ਕੈਸਟ ਦੇ ਸਭ ਤੋਂ ਮਿੱਠੇ ਅਤੇ ਰਸੀਲੇ (ਗਾਇਨ ਪੱਖੋਂ) ਕਿਹਾ ਜਾ ਸਕਦਾ ਹੈ ।

A-ਸਾਈਡ ਦਾ ਪੰਜਵਾਂ ਅਤੇ ਅੰਤਲਾ ਸਬਦ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਸੁਖਮਨੀ ਸਾਹਿਬ ਦੀ 17 ਵੀਂ ਅਸ਼ਟਪਦੀ ਦੀ ਅੱਠਵੀਂ ਪਉੜੀ ਹੈ । ਇਸ ਸ਼ਬਦ ਦੇ ਬੋਲ ਹਨ 'ਮਨ ਮੇਰੇ ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥' ਕਹਿਰਵਾ ਤਾਲ ਵਿੱਚ ਨਿਬੱਧ ਇਹ ਸਬਦ ਸੁਣਦਿਆਂ ਹੀ ਬਣਦਾ ਹੈ । ਆਪ ਜੀ ਨੇ ਇਸ ਨੂੰ ਰਾਗੁ ਗਉੜੀ ਵਿੱਚ ਹੀ ਗਾਇਨ ਕੀਤਾ ਹੈ । ਭਾਈ ਸਾਹਿਬ ਨੇ ਆਪ ਇਸ ਸ਼ਬਦ ਵਿੱਚ ਬੜੇ ਹੀ ਸੁੰਦਰ ਢੰਗ ਨਾਲ ਅਲਾਪ ਲਏ ਹਨ ਵਿਸ਼ੇਸ਼ ਕਰ ਕੇ ਸ਼ਬਦ ਦੀ ਸਮਾਪਤੀ ਸਮੇਂ ।

ਇਸ ਕੈਸਟ ਦੀ ਬੀ-ਸਾਈਡ ਦਾ ਪ੍ਰਥਮ ਸ਼ਬਦ ਹੈ 'ਸਭਿ ਧੰਨੁ ਕਹੁ ਗੁਰੂ ਸਤਿਗੁਰੂ, ਗੁਰੂ ਸਤਿਗੁਰੂ, ਜਿਤੁ ਮਿਲਿ ਹਰਿ ਪੜਦਾ ਕਜਿਆ ॥' ਇਸ ਸਬਦ ਵਿੱਚ ਰਹਾਉ ਦੀ ਪੰਕਤੀ ਨਹੀਂ ਹੈ । ਆਪ ਜੀ ਨੇ ਸ਼ਬਦ ਦੀ ਅੰਤਲੀ ਪੰਕਤੀ ਨੂੰ ਅਸਥਾਈ ਵਜੋਂ ਪ੍ਰਯੋਗ ਕੀਤਾ ਹੈ । ਸ਼ਬਦ ਦੀ ਪਹਿਲੀ ਪੰਕਤੀ ਹੈ 'ਪੰਚੇ ਸ਼ਬਦ ਵਜੇ ਮਤਿ ਗੁਰਮਤਿ, ਵਡਭਾਗੀ ਅਨਹਦੁ ਵਜਿਆ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1315-16 ਉਪਰ ਪਉੜੀ (ਕਾਨੜੇ ਦੀ ਵਾਰ ਮ: 4) ਅਧੀਨ ਅੰਕਿਤ ਹੈ । ਕਹਿਰਵਾ ਤਾਲ ਵਿੱਚ ਹੀ ਨਿਬੱਧ ਇਸ ਸ਼ਬਦ ਨੂੰ ਆਪ ਜੀ ਨੇ ਮਿਸ਼ਰ ਪੀਲੂ ਵਿੱਚ ਗਾਇਨ ਕੀਤਾ ਹੈ ਅਤੇ ਰੀਤ ਬਹੁਤ ਹੀ ਮਿਠਾਸਪੂਰਨ ਹੈ ।

ਇਸੇ ਸਾਈਡ ਦਾ ਦੂਸਰਾ ਸ਼ਬਦ ਭਾਈ ਗੁਰਦਾਸ ਜੀ ਦੀ ਰਚਨਾ ਹੈ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵਾਰ 2, ਪਉੜੀ 3 ਅਧੀਨ ਅੰਕਿਤ ਹੈ । ਇਸ ਸ਼ਬਦ ਦੇ ਬੋਲ ਹਨ 'ਹਉ ਤਿਸੁ ਵਿਟਹੁ ਵਾਰਿਆ, ਹੋਦੈ ਤਾਣਿ ਜੁ ਹੋਇ ਨਿਤਾਣਾ, ਹਉ ਤਿਸੁ ਵਿਟਹੁ ਵਾਰਿਆ, ਹੋਦੈ ਮਾਣਿ ਜੁ ਰਹੈ ਨਿਮਾਣਾ।' ਇਸ ਸ਼ਬਦ ਨੂੰ ਆਪ ਜੀ ਨੇ ਰਾਗੁ ਕਾਨੜਾ ਵਿੱਚ ਗਾਇਨ ਕੀਤਾ ਹੈ । ਕਹਿਰਵੇ ਤਾਲ ਵਿੱਚ ਹੀ ਨਿਬੱਧ ਇਸ ਸ਼ਬਦ ਨੂੰ ਆਪ ਜੀ ਅਤਿ ਵਿਲੰਬਤ ਵਿੱਚ ਬੜੇ ਠਹਿਰਾ ਨਾਲ ਗਾਇਨ ਕੀਤਾ ਹੈ । ਪ੍ਰਮਾਣ ਵੀ ਬੜੇ ਸੁੰਦਰ ਦਿੱਤੇ ਗਏ ਹਨ ।

ਬੀ-ਸਾਈਡ ਦਾ ਤੀਸਰਾ ਸ਼ਬਦ ਹੈ 'ਤੂੰ ਜੀਵਨ ਤੂੰ ਪ੍ਰਾਨ ਅਧਾਰਾ ॥ ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥' ਜਦ ਕਿ ਰਹਾਉ ਦੀ ਪੰਕਤੀ ਹੈ 'ਤੂੰ ਸਾਜਨ ਤੂੰ ਪ੍ਰੀਤਮੁ ਮੇਰਾ ॥ ਚਿਤਹਿ ਨ ਬਿਸਰਹਿ ਕਾਹੂ ਬੇਰਾ ॥' ਆਪ ਜੀ ਨੇ ਰਹਾਉ ਦੀ ਪੰਕਤੀ ਨੂੰ ਵੀ ਅਸਥਾਈ ਦਾ ਦੂਜਾ ਭਾਗ ਬਣਾ ਕੇ ਅਸਥਾਈ ਵਿੱਚ ਸ਼ਾਮਲ ਕਰ ਲਿਆ ਹੈ । ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 739 ਉੱਪਰ ਸੂਹੀ ਮਹਲਾ 5 ਅਧੀਨ ਅੰਕਿਤ ਹੈ । ਕਹਿਰਵੇ ਵਿੱਚ ਹੀ ਨਿਬੱਧ ਇਸ ਸ਼ਬਦ ਨੂੰ ਆਪ ਜੀ ਨੇ ਰਾਗ ਭੈਰਉ ਵਿੱਚ ਗਾਇਨ ਕੀਤਾ ਹੈ । ਰੀਤ ਬੜੀ ਮਧੁਰ ਹੈ ਅਤੇ ਤਬਲੇ ਦੀ ਸੰਗਤ ਵੀ ਬਹੁਤ ਵਧੀਆ ਹੈ ।

ਇਸ ਕੈਸਟ ਦੇ ਅੰਤ ਵਿੱਚ ਆਪ ਜੀ ਨੇ ਇਸ ਸਲੋਕ ਦਾ ਗਾਇਨ ਕੀਤਾ ਹੈ 'ਛਾਤੀ ਸੀਤਲ ਮਨੁ ਸੁਖੀ, ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ, ਨਾਨਕ ਦਾਸ ਦਸਾਇ ॥' ਇਹ ਸਲੋਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 254 ਉੱਪਰ ਅੰਕਿਤ ਹੈ । ਸੰਖੇਪ ਰੂਪ ਵਿੱਚ ਪਰ ਆਪਣੇ ਨਿਵੇਕਲੇ ਅੰਦਾਜ਼ ਵਿੱਚ ਹੀ ਆਪ ਜੀ ਨੇ ਇਸ ਗਾਇਨ ਨਾਲ ਕੈਸਟ ਦੀ ਸਮਾਪਤੀ ਕੀਤੀ ਹੈ ।

ਭਾਈ ਸਾਹਿਬ ਜੀ ਦੀਆਂ ਪੁਰਾਤਨ ਕੈਸਟਾਂ ਅਤੇ ਹੁਣ ਉਨ੍ਹਾਂ ਦੁਆਰਾ ਸਟੇਜ 'ਤੇ ਕੀਤੇ ਜਾ ਰਹੇ ਕੀਰਤਨ ਦੀ ਸ਼ੈਲੀ ਵਿੱਚ ਜੇ ਕੋਈ ਫਰਕ ਪ੍ਰਤੱਖ ਪ੍ਰਤੀਤ ਹੁੰਦਾ ਹੈ ਤਾਂ ਉਹ ਹੈ ਵਧੇਰੇ ਨਵੀਨਤਾ, ਪੁਖਤਾ ਆਵਾਜ਼ ਅਤੇ ਸ਼ਬਦਾਂ ਦੀ ਸੰਜੀਦਾ ਚੋਣ, ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਮਲਿਤ ਰਾਗਾਂ ਤੋਂ ਇਲਾਵਾ ਹਿੰਦੁਸਤਾਨੀ ਰਾਗਾਂ ਵਿੱਚ ਵੀ ਗਾਇਨ ਕਰਨ ਦੀ ਸਮਰੱਥਾ ਰੱਖਦੇ ਹਨ । ਆਪ ਜੀ ਸਮੇਂ ਸਮੇਂ ਪੜਤਾਲਾਂ ਦਾ ਗਾਇਨ ਵੀ ਕਰਦੇ ਹਨ ਅਤੇ ਆਪਣੇ ਕੀਰਤਨ ਨੂੰ ਸੰਗਤਾਂ ਸਾਹਮਣੇ ਇੱਕ ਗੁਲਦਸਤੇ ਦੇ ਰੂਪ ਵਿੱਚ ਪੇਸ਼ ਕਰਦੇ ਹਨ । ਆਪ ਜੀ ਦਾ ਵਰਤਮਾਨ ਸਮੇਂ ਯਤਨ ਹੁੰਦਾ ਹੈ ਕਿ ਚੌਂਕੀ ਦੌਰਾਨ ਭਾਈ ਗੁਰਦਾਸ ਜੀ ਦੀਆ ਵਾਰਾਂ, ਦਸਮ ਗ੍ਰੰਥ ਅਤੇ ਸੁਖਮਨੀ ਸਾਹਿਬ ਦੇ ਸ਼ਬਦਾਂ ਨੂੰ ਵੀ ਸ਼ਾਮਲ ਕੀਤਾ ਜਾਵੇ । ਆਪ ਜੀ ਦੀ ਆਵਾਜ਼, ਉਮਰ ਹੋ ਜਾਣ ਦੇ ਬਾਵਜੂਦ ਅਜੇ ਵੀ ਬੁਲੰਦ ਹੈ । ਆਪ ਜੀ ਦੇ ਗਾਇਨ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਜਦ ਆਪ ਜੀ ਅਸਥਾਈ ਜਾਂ ਅੰਤਰੇ ਦੀ ਕਿਸੇ ਵੀ ਪੰਕਤੀ ਦਾ ਸਮਾਪਨ ਕਰਦੇ ਹਨ ਤਾਂ ਉਨ੍ਹਾਂ ਦੇ ਸੁਰ ਤੋਂ ਦਰਦ ਅਤੇ ਬਿਰਹਾ ਝਲਕਦਾ ਹੈ ਜੋ ਕਿ ਸ੍ਰੋਤਿਆਂ ਦੇ ਹਿਰਦਿਆਂ ਨੂੰ ਬੜਾ ਹੀ ਮਧੁਰ ਲਗਦਾ ਹੈ । ਆਸ ਹੈ ਭਾਈ ਸਾਹਿਬ ਹੋਰ ਕਈ ਸਾਲ ਇਸੇ ਤਰ੍ਹਾਂ ਆਪਣੇ ਕੀਰਤਨ ਦੁਆਰਾ ਸੰਗਤਾਂ ਦੀ ਸੇਵਾ ਕਰਦੇ ਰਹਿਣਗੇ

ਸ੍ਰ. ਅਮੀਰ ਸਿੰਘ ਜੀ, ਸਿੰਘਾਪੁਰ ਵਾਲੇ ਵਧਾਈ ਦੇ ਪਾਤਰ ਹਨ ਕਿ ਉਹ ਰਾਗੀ ਸਿੰਘਾਂ ਦੁਆਰਾ ਗਾਇਨ ਕੀਤੀਆਂ ਗਈਆਂ ਪੁਰਾਤਨ ਰੀਤਾਂ ਨੂੰ ਸੰਭਾਲਣ ਪ੍ਰਤੀ ਸੁਚੇਤ ਹਨ ਅਤੇ ਨਿਸ਼ਕਾਮ ਸੇਵਾ ਨਿਭਾ ਰਹੇ ਹਨ । ਵਾਹਿਗੁਰੂ ਉਨ੍ਹਾਂ ਨੂੰ ਵਡੇਰੀ ਉਮਰ ਦੇਵੇ, ਇਹੀ ਸਾਡੀ ਅਰਦਾਸ ਹੈ ।

# ਹਰਭਜਨ ਸਿੰਘ ਬਟਾਲਵੀ

# ਗੁਰਬਾਣੀ ਸੰਗੀਤ ਦਰਪਣ

ਲੇਖਕ : ਪ੍ਰੋ. ਕਰਤਾਰ ਸਿੰਘ ਪੰਨੇ : 161,
ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਮੁੱਲ : 50 ਰੁਪਏ

ਗੁਰਬਾਣੀ ਨੂੰ ਸੰਗੀਤ ਵਿੱਚ ਸਮੋ ਕੇ ਗਾਇਨ ਕਰਨਾ ਹੀ ਕੀਰਤਨ ਹੈ । ਜਿੱਥੇ ਇਹ ਇੱਕ ਅਦੁੱਤੀ ਦਾਤ ਹੈ, ਉਥੇ ਇਹ ਸਥਾਈ ਸੰਤੁਸ਼ਟੀ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ । ਗੰਭੀਰ ਅਤੇ ਵੈਰਾਗਮਈ ਬਾਣੀ ਸੰਗੀਤਕ ਸੁਰਾਂ ਨਾਲ ਮਨੁੱਖ ਨੂੰ ਮਨ, ਬੁੱਧੀ ਅਤੇ ਰੂਹ ਦੇ ਨੇੜੇ ਰੱਖਦੀ ਹੈ । ਗੁਰੂ ਸਾਹਿਬਾਨ ਨੇ ਬਾਣੀ ਰਚਨਾ ਰਾਗਾਂ ਵਿੱਚ ਕੀਤੀ ਅਤੇ ਆਪ ਇਸ ਦਾ ਗਾਇਨ ਕੀਤਾ । ਨਾਲ ਹੀ ਕੀਰਤਨ ਅਭਿਲਾਸ਼ੀਆਂ ਨੂੰ ਗਾਇਨ ਕਰਨ ਦਾ ਆਦੇਸ਼ ਦਿੱਤਾ । ਇਹੀ ਕਾਰਣ ਹੈ ਕਿ ਇਸ ਵਿਸ਼ੇਸ਼ ਭਾਂਤ ਦੇ ਗਾਇਨ ਨੂੰ ਗੁਰਮਤਿ ਸੰਗੀਤ ਦਾ ਨਾਂ ਦਿੱਤਾ ਗਿਆ ਹੈ । ਧਰਮ ਖੇਤਰ ਵਿੱਚ ਗਾਇਨ ਪ੍ਰੰਪਰਾ ਭਾਵੇਂ ਬਹੁਤ ਹੀ ਪੁਰਾਣੀ ਹੈ ਪਰ ਗੁਰਬਾਣੀ ਗਾਇਨ ਇੱਕ ਵਿਸ਼ੇਸ਼ ਭਾਂਤ ਦੀ ਪ੍ਰੰਪਰਾ ਹੈ । ਇਸ ਦਾ ਕੀਰਤਨ ਮਨੁੱਖ ਦੀ ਤ੍ਰਿਸ਼ਨਾ ਅਗਨੀ ਨੂੰ ਸ਼ਾਂਤ ਅਤੇ ਨਿਰਮਲ ਕਰਦਾ ਹੈ, ਹਿਰਦੇ ਨੂੰ ਆਨੰਦ ਦਿੰਦਾ ਅਤੇ ਸਦਗੁਣ ਪ੍ਰਾਪਤ ਕਰਨ ਲਈ ਤਿਆਰ ਵੀ ਕਰਦਾ ਹੈ ਅਤੇ ਉਸ ਦੇ ਯੋਗ ਵੀ ਬਣਾਉਂਦਾ ਹੈ । ਇਹੀ ਕਾਰਨ ਹੈ ਕਿ ਗੁਰਬਾਣੀ ਗਾਇਨ ਦੀ ਹਦਾਇਤ ਕੀਤੀ ਗਈ ਹੈ । ਗੁਰਬਾਣੀ ਵਿੱਚ ਰਾਗਾਂ ਪੱਖੋਂ ਬੜੀ ਹੀ ਵਿਵਿਧਤਾ ਹੈ । ਕਈ ਰਾਗ ਤਾਂ ਉਹ ਹਨ ਜੋ ਆਮ ਕਰਕੇ ਉਪਲਬਧ ਹੀ ਨਹੀਂ । ਕਈ ਰਾਗਾਂ ਦੇ ਪ੍ਰਕਾਰ ਅਜਿਹੇ ਹਨ ਜੋ ਕੇਵਲ ਇੱਥੇ ਹੀ ਉਪਲਬਧ ਹਨ । ਕਈ ਗਾਇਨ ਸ਼ੈਲੀਆਂ ਵੀ ਉਹ ਹਨ ਜੋ ਗੁਰੂ ਸਾਹਿਬ ਨੇ ਹੀ ਪ੍ਰਚੱਲਤ ਕੀਤੀਆਂ ਹਨ । ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ ਲੈ ਕੇ ਪੰਨਾ 1352 ਤੱਕ ਸਾਰੀ ਬਾਣੀ ਹੀ ਰਾਗਬੱਧ ਹੈ ਜਿਸ ਵਿਚ 24 ਸ਼ਖਸ਼ੀਅਤਾਂ ਦਾ ਯੋਗਦਾਨ ਹੈ । ਅੱਜ ਵੀ ਕੀਰਤਨ ਕਰਨ ਅਤੇ ਕੀਰਤਨ ਸੁਣਨ ਲਈ ਸਮਰਥ ਸੱਜਣ ਅਤੇ ਸੰਗਤਾਂ ਹਰ ਧਾਰਮਿਕ, ਇਕੱਠ, ਧਰਮ ਅਸਥਾਨ ਆਦਿ 'ਤੇ ਆਉਂਦੀਆਂ ਹਨ ।

ਗੁਰੂ ਸਾਹਿਬਾਂ ਦੇ ਵੇਲੇ ਤੋਂ ਹੀ ਬਹੁਤ ਸਾਰੇ ਕੀਰਤਨੀਏ ਇਸ ਵਿੱਚ ਹਿੱਸਾ ਪਾਉਂਦੇ ਰਹੇ ਹਨ । ਭੱਟ, ਰਬਾਬੀ ਆਦਿ ਗੁਰਬਾਣੀ ਦਾ ਕੀਰਤਨ ਕਰਦੇ ਰਹੇ ਹਨ ਅਤੇ ਇਹੀ ਸਮਝਦੇ ਰਹੇ ਹਨ ਕਿ ਇਹ ਕੀਰਤਨ ਵੀ ਉਸੇ ਗੁਰੂ ਦੀ ਕਿਰਪਾ ਨਾਲ ਹੋ ਸਕਦਾ ਹੈ ਅਥਵਾ ਉਹੀ ਇਸ ਦੇ ਸਮਰੱਥ ਅਤੇ ਯੋਗ ਹੁੰਦਾ ਹੈ ਜਿਸ 'ਤੇ ਉਸ ਸੱਚੇ ਪਾਤਸ਼ਾਹ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ । ਸ਼ਾਇਦ ਉਹੀ ਕਾਰਣ ਹੈ ਕਿ ਅਜਿਹੇ ਵਰੋਸਾਏ ਹੋਏ ਲੋਕ ਹੁੰਦੇ ਤਾਂ ਹਰ ਵੇਲੇ ਹਨ, ਪਰ ਉਨ੍ਹਾਂ ਦੀ ਗਿਣਤੀ ਬਹੁਤੀ ਨਹੀਂ ਹੁੰਦੀ । ਇਹੋ ਜਿਹੇ ਹੀ ਇੱਕ ਸੱਜਣ ਹਨ ਪ੍ਰੋ. ਕਰਤਾਰ ਸਿੰਘ, ਜੋ ਲੰਮੇ ਸਮੇਂ ਲਈ ਗੁਰਬਾਣੀ ਕੀਰਤਨ ਨਾਲ ਜੁੜੇ ਰਹੇ ਹਨ । ਉਨ੍ਹਾਂ ਨੇ ਬੜੀ ਡੂੰਘਾਈ ਵਿੱਚ ਜਾ ਕੇ ਕੀਰਤਨ ਪੱਧਤੀਆਂ ਦਾ ਅਧਿਅਨ ਕੀਤਾ ਹੈ ਅਤੇ ਅਮਲੀ ਰੂਪ ਵਿੱਚ ਪੇਸ਼ਕਾਰੀ ਕੀਤੀ ਹੈ । ਡੂੰਘੇ ਅਤੇ ਲੰਮੇ ਅਧਿਅਨ ਦੇ ਸਿੱਟੇ ਵਜੋਂ ਇਹ ਪੁਸਤਕ ਹੋਂਦ ਵਿੱਚ ਆਈ ਹੈ । ਬਹੁਤ ਸਾਰੇ ਸਮੇਂ ਲਈ ਉਹ ਆਪਣੇ ਵਿਦਿਆਰਥੀਆਂ ਜਾਂ ਸਿੱਖਿਆਰਥੀਆਂ ਨੂੰ ਕੀਰਤਨ ਦਾ ਗਿਆਨ ਦਿੰਦੇ ਰਹੇ ਨੇ ਅਤੇ ਇਸ ਗੱਲ ਉਤੇ ਚਿੰਤਤ ਰਹੇ ਨੇ ਕਿ ਅਜੋਕੇ ਯੁੱਗ ਦੇ ਨਾਗਰਿਕ ਇਸ ਦਾ ਸਹੀ ਰੂਪ ਹੀ ਗ੍ਰਹਿਣ ਕਰਨ । ਫਿਲਮੀ ਧੁਨਾਂ ਜਾਂ ਅੱਧ-ਕੱਚੀਆਂ ਜਿਹੀਆਂ ਧੁਨਾਂ ਤੋਂ ਸ਼ਬਦ ਕੀਰਤਨ ਨੂੰ ਲਾਂਭੇ ਰੱਖਣ ਲਈ ਉਨ੍ਹਾਂ ਅਹਿਮ ਯੋਗਦਾਨ ਪਾਇਆ ਹੈ ਅਤੇ ਸ਼ੁੱਧ ਰਾਗਾਂ ਅਤੇ ਸ਼ੁੱਧ ਪਰੀਪਾਟੀ ਅਨੁਸਾਰ ਗਾਇਨ ਨੂੰ ਅੱਗੇ ਲਿਆਂਦਾ ਹੈ । ਇਸ ਸਾਰੀ ਮਿਹਨਤ, ਲਗਨ ਅਤੇ ਸਿਰੜ ਦੇ ਸਿੱਟੇ ਵਜੋਂ ਇਹ ਪੁਸਤਕ ਸਾਡੇ ਸਾਹਮਣੇ ਆਈ ਹੈ ।

ਪੁਸਤਕ, ਆਕਾਰ ਵਿੱਚ ਭਾਵੇਂ ਛੋਟੀ ਹੈ ਪਰ ਆਪਣੇ ਆਪ ਵਿੱਚ ਇੱਕ ਮਹਾਨ ਖਜ਼ਾਨਾ ਲਕੋਈ ਬੈਠੀ ਹੈ । ਲੇਖਕ ਨੇ ਇਸ ਨੂੰ ਦੋ ਮੁੱਖ ਖੰਡਾਂ ਵਿੱਚ ਵੰਡਿਆ ਹੈ । ਪਹਿਲੇ ਵਿੱਚ ਅਮਲੀ ਕੰਮ ਹੈ ਅਤੇ ਦੂਜੇ ਵਿੱਚ ਥਿਊਰੀ ਹੈ । ਪਹਿਲੇ ਖੰਡ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਬਾਰਾਂ ਰਾਗਾਂ ਦਾ ਵਰਨਣ ਹੈ । ਉਨ੍ਹਾਂ ਵਿੱਚੋਂ ਹਰ ਰਾਗ ਦੀ ਜਾਣਕਾਰੀ, ਸ੍ਵਰ, ਵਰਜਿਤ ਸ੍ਵਰ, ਜਾਤੀ, ਵਾਦੀ, ਸੰਵਾਦੀ ਆਦਿ ਦਿੱਤੇ ਗਏ ਹਨ । ਇਸ ਪਿੱਛੋਂ ਹਰ ਰਾਗ ਦੇ ਸ੍ਵਰ-ਵਿਸਥਾਰ ਭਾਵ ਭਿੰਨ ਭਿੰਨ ਅਲਾਪ ਦਿੱਤੇ ਗਏ ਹਨ ਅਤੇ ਹਰ ਰਾਗ ਦੀਆਂ ਅੱਠ ਤਾਨਾਂ ਜੋ ਕਿ 8, 16, 24, 30, 32 ਆਦਿ ਮਾਤਰਾ ਦੀਆਂ ਹਨ, ਦਿੱਤੀਆਂ ਗਈਆਂ ਹਨ । ਇਨ੍ਹਾਂ ਰਾਗਾਂ ਵਿਚ ਕੁੱਲ 84 ਬੰਦਸ਼ਾਂ ਹਨ ਜਿਨ੍ਹਾਂ ਵਿਚੋਂ 81 ਬੰਦਸ਼ਾਂ ਨਿਰਧਾਰਤ ਰਾਗਾਂ ਵਿੱਚ ਹਨ ਜਿਸ ਦਾ ਭਾਵ ਇਹ ਹੈ ਕਿ ਜਿਸ ਰਾਗ ਵਿੱਚ ਸ਼ਬਦ ਹੈ ਉਸੇ ਵਿੱਚ ਹੀ ਸ਼ਬਦ-ਬੰਦਸ਼ ਹੈ । ਕੇਵਲ ਤਿੰਨ ਸ਼ਬਦ

ਹਨ ਜੋ ਭਿੰਨ ਬੰਦਸ਼ਾਂ ਵਾਲੇ ਹਨ । ਹਰ ਬੰਦਸ਼ ਦੀ ਸਥਾਈ ਅਤੇ ਅੰਤਰੇ ਵਿੱਚ ਮੁੱਖੜੇ ਨੂੰ ਉਸ ਦੀ ਆਰੰਭਕ ਮਾਤਰਾ ਤੋਂ ਹੀ ਸ਼ੁਰੂ ਕੀਤਾ ਗਿਆ ਹੈ । ਲੇਖਕ ਨੇ ਇੱਕ ਹੋਰ ਵਧੀਆ ਗੱਲ ਕੀਤੀ ਹੈ ਕਿ ਹਰ ਸ਼ਬਦ ਵਿਚ ਰਹਾਓ ਤੋਂ ਪਹਿਲੀ ਤੁਕ ਜਾਂ ਪੰਕਤੀ ਨੂੰ ਹੀ ਸਥਾਈ ਬਣਾਇਆ ਹੈ ।

ਦੂਜੇ ਖੰਡ ਵਿੱਚ ਲੇਖਕ ਨੇ ਸੰਗੀਤ, ਨਾਦ, ਸ਼ਰੁਤੀ, ਸਪਤਕ, ਥਾਟ ਆਦਿ ਦੀ ਪ੍ਰੀਭਾਸ਼ਾ ਦਿੱਤੀ ਹੈ । ਕੁਝ ਸ਼ਬਦ ਜਿਵੇਂ ਰਹਾਓ, ਪੜਤਾਲ, ਮਹਲਾ, ਸ਼ਬਦ ਅੰਕ ਅਤੇ ਸ਼ਬਦ ਚਉਂਕੀਆਂ ਬਾਰੇ ਕਾਫੀ ਪ੍ਰਭਾਵਸ਼ਾਲੀ ਢੰਗ ਨਾਲ ਵਰਨਣ ਕੀਤਾ ਗਿਆ ਹੈ । ਬਹੁਤ ਵਾਰ ਅਸੀਂ ਇਨ੍ਹਾਂ ਸ਼ਬਦਾਂ ਬਾਰੇ ਅਗਿਆਨ ਦਾ ਪ੍ਰਗਟਾਅ ਹੀ ਕਰਦੇ ਹਾਂ, ਪਰ ਲੇਖਕ ਵਲੋਂ ਦਿੱਤੇ ਗਏ ਵਿਸਥਾਰ ਪਿੱਛੋਂ ਇਨ੍ਹਾਂ ਨੂੰ ਸਮਝਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ । ਅਲੰਕਾਰ ਅਤੇ ਗਿਆਰਾਂ ਅਲੰਕਾਰਾਂ ਦਾ ਗਿਆਨ ਵੀ ਹੈ । ਸ੍ਵਰ ਉਚਾਰਣ ਅਤੇ ਸ੍ਵਰ ਲਿੱਪੀ ਵੀ ਦਿੱਤੀ ਗਈ ਹੈ । ਭਾਵ ਇਹ ਜੇ ਕਿ ਕੋਈ ਕਸਰ ਨਹੀਂ ਰਹਿਣ ਦਿੱਤੀ ਗਈ ।

ਪੁਸਤਕ ਵਿਚ ਹਾਰਮੋਨੀਅਮ ਦੇ ਦੋ ਚਿੱਤਰ ਵੀ ਦਿੱਤੇ ਗਏ ਹਨ ਅਤੇ ਇਸ ਨੂੰ ਵਜਾਉਣ ਲਈ ਪੁਰਸ਼ਾਂ, ਇਸਤਰੀਆ ਅਤੇ ਬੱਚਿਆਂ ਲਈ ਅਗਵਾਈ ਵੀ ਦਿੱਤੀ ਗਈ ਹੈ । ਭਾਵੇਂ ਇਹ ਸਭ ਕੁਝ ਅਮਲੀ ਰੂਪ ਵਿੱਚ ਹੀ ਹੁੰਦਾ ਹੈ ਤਾਂ ਵੀ ਹਾਰਮੋਨੀਅਮ ਨੂੰ ਸਮਝਣ ਅਤੇ ਵਜਾਉਣ ਬਾਰੇ ਕਾਫੀ ਪਤਾ ਲੱਗਦਾ ਹੈ । ਇੰਜ ਪੁਸਤਕ ਨੂੰ ਗੁਰਬਾਣੀ ਗਾਇਨ ਪੱਖੋਂ ਹਰ ਤਰ੍ਹਾਂ ਪੂਰਣ ਅਤੇ ਪਰਿਪੱਕ ਬਨਾਉਣ ਦਾ ਯਤਨ ਕੀਤਾ ਗਿਆ ਹੈ । ਲੇਖਕ ਦੀ ਭਾਸ਼ਾ ਬੜੀ ਹੀ ਸਰਲ, ਸਪਸ਼ਟ ਅਤੇ ਆਮ-ਫਹਿਮ ਹੈ । ਕੋਈ ਸ਼ਬਦ ਔਖਾ ਜਾਂ ਅੜਨ ਵਾਲਾ ਨਹੀਂ । ਲੇਖਕ ਦੀ ਵਿਦਵਤਾ ਅਤੇ ਜਾਣਕਾਰੀ ਇਸ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ । ਉਸ ਦਾ ਤਜਰਬਾ ਅਤੇ ਨਿੱਤ ਅਭਿਆਸ ਵੀ ਇੱਥੋਂ ਆਪਣੇ ਆਪ ਝਾਤੀਆਂ ਮਾਰਦਾ ਹੈ । ਮੇਰੇ ਖਿਆਲ ਵਿੱਚ ਇਹ ਪੁਸਤਕ ਉਪਯੋਗੀ ਤਾਂ ਹੈ ਹੀ ਸਗੋਂ ਅਤਿ-ਉਪਯੋਗੀ ਹੈ । ਗੁਰਬਾਣੀ ਗਾਇਨ ਵਿੱਚ ਹਵਾਲਾ ਪੁਸਤਕ ਦਾ ਦਰਜਾ ਰੱਖਣ ਵਾਲੀ ਇਹ ਪੁਸਤਕ ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਅਗਵਾਈ ਦਿੰਦੀ ਰਹੇਗੀ ।ਪੁਸਤਕ ਪ੍ਰਸ਼ੰਸਾ ਦਾ ਅਧਿਕਾਰ ਰੱਖਦੀ ਹੈ । ਪਾਠਕਾਂ ਵਲੋਂ ਇਸ ਨੂੰ 'ਜੀ ਆਇਆ' ਆਖਣਾ ਬਣਦਾ ਹੈ ।

## ਪ੍ਰਸ਼ਨਾਵਲੀ - 10

ਪ੍ਰਸ਼ਨ-1 ਡਾ. ਹਰਿਭਜਨ ਸਿੰਘ ਨੇ ਗੁਰਮੁਖ ਸ਼ਬਦ ਦੇ ਕਿਹੜੇ-ਕਿਹੜੇ ਅਰਥ ਦੱਸੇ ਹਨ ?
ਪ੍ਰਸ਼ਨ-2. ਰਾਗ ਟੋਡੀ ਅਤੇ ਰਾਗ ਗੁਜਰੀ ਟੋਡੀ ਵਿੱਚ ਕੀ ਅੰਤਰ ਹੈ ?
ਪ੍ਰਸ਼ਨ-3 ਤਾਲ ਦਾਦਰਾ ਦੇ ਬੋਲ ਤਾਲੀ ਖਾਲੀ ਅਤੇ ਵਿਭਾਗ ਸਮੇਤ ਤਾਲ ਲਿਪੀ ਵਿੱਚ ਲਿਖੋ ।
ਪ੍ਰਸ਼ਨ-4 ਟਕਸਾਲ ਦਾ ਕੀ ਅਰਥ ਹੈ ?
ਪ੍ਰਸ਼ਨ-5 ਉਸਤਾਦ ਜੋਗਿੰਦਰ ਸਿੰਘ ਯੋਗੀ ਨੇ ਸੁਰਾਂ ਦੇ ਕਿਹੜੇ ਨਿਵੇਕਲੇ ਅਰਥ ਦੱਸੇ ਹਨ ?

### *ਪ੍ਰਸ਼ਨਵਾਲੀ - 9 ਦੇ ਠੀਕ ਉੱਤਰ*

ਪ੍ਰਸ਼ਨ-1 ਤਾਲ ਦੀਆਂ ਮਾਤਰਾਂ ਦੀ ਗਿਣਤੀ ਪਹਿਲੀ ਮਾਤਰਾਂ ਤੋਂ ਸ਼ੁਰੂ ਹੁੰਦੀ ਹੈ । ਉਸੇ ਨੂੰ ਸਮ ਕਿਹਾ ਜਾਂਦਾ ਹੈ । ਗਾਇਕ ਜਾਂ ਵਾਦਕ ਗਾਉਂਦਾ ਵਜਾਉਂਦਾ ਜਦੋਂ ਸਮ ਤੇ ਆਉਂਦਾ ਹੈ ਤਾਂ ਸਰੋਤੇ ਅਤੇ ਕਲਾਕਾਰ ਦਾ ਸਿਰ ਆਪਣੇ ਆਪ ਹਿੱਲ ਜਾਂਦਾ ਹੈ ।
ਪ੍ਰਸ਼ਨ-2 ਸੂਰਦਾਸੀ ਮਲਾਰ ਵਰਖਾ ਰੁਤ ਵਿੱਚ ਹਰ ਸਮੇਂ ਗਾਇਆ ਜਾਂਦਾ ਹੈ ।
ਪ੍ਰਸਨ-3 *ਝਪ ਤਾਲ*

| | | | | | | | | | | |
|---|---|---|---|---|---|---|---|---|---|---|
| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 |
| ਬੋਲ | ਧਿੰ | ਨਾ | ਧਿੰ | ਧਿੰ | ਨਾ | ਤਿੰ | ਨਾ | ਧਿੰ | ਧਿੰ | ਨਾ |
| ਚਿੰਨ | x | | 2 | | | 0 | | 3 | | |

ਪ੍ਰਸਨ-4 ਗੁਰੂ ਨਾਨਕ ਦੇਵ ਜੀ ਨੇ ਮਾਝ, ਆਸਾ ਅਤੇ ਮਲਾਰ ਰਾਗਾਂ ਵਿੱਚ ਵਾਰਾਂ ਦੀ ਰਚਨਾ ਕੀਤੀ ।

### *ਪ੍ਰਸ਼ਨਾਵਲੀ-8 ਦੇ ਉੱਤਰ ਭੇਜਣ ਵਾਲੇ ਪਾਠਕਾ ਦੇ ਨਾਮ*

1. ਸ੍ਰ. ਹਰਬੰਸ ਸਿੰਘ, ਪ੍ਰਧਾਨ
ਕੀਰਤਨ ਵਿਭਾਗ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ,
ਲਖਨਊ

2. ਸ੍ਰ. ਗੁਰਨਾਮ ਸਿੰਘ
ਗੁਰੂ ਰਾਮਦਾਸ ਸੰਗੀਤ ਅਕੈਡਮੀ,
ਪਾਂਉਂਟਾ ਸਾਹਿਬ

ਸ੍ਰ. ਮਨਮੋਹਨ ਸਿੰਘ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

*ਸੂਹੀ ਮਹਲਾ ੪ ॥*

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥ ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥

By the first round the Lord has impressed the duties of wedded life. Utter thou the hymns of the Guru instead of the Vedas of Brahma and hold fast to this faith to dispel thine sins. Holdfast to righteousness and contemplate the Lord's Name. The Simirtis too inculcate the Name. Dwell thou upon the True Guru, the Perfect Guru and all thine sins and misdeeds shall depart. Through the greatest good fortune, celestial bliss is obtained and the Lord God seems sweet unto the mind. Slave Nanak proclaims that by the first round the marriage rite has begun.

ਅਰਥ : ਪਹਿਲੇ ਫੇਰੇ ਦੁਆਰਾ ਸੁਆਮੀ ਨੇ ਗ੍ਰਿਹਸਥ ਦੇ ਜੀਵਨ ਦੇ ਫਰਜ਼ ਪੱਕੇ ਕੀਤੇ ਹਨ । ਤੂੰ ਬ੍ਰਹਮਾਂ ਦੇ ਵੇਦਾਂ ਦੀ ਥਾਂ ਤੇ ਗੁਰਾਂ ਦੀ ਬਾਣੀ ਦਾ ਉਚਾਰਨ ਕਰ ਅਤੇ ਆਪਣੇ ਕਸਮਲ ਮਿਟਾਉਣ ਲਈ ਇਸ ਈਮਾਨ ਨੂੰ ਪੱਕਾ ਕਰ । ਸਚਾਈ ਗ੍ਰਹਿਣ ਕਰ ਅਤੇ ਸਾਂਈਂ ਦੇ ਨਾਮ ਨੂੰ ਆਰਾਧ ਸਿਮਰਤੀਆਂ ਭੀ ਨਾਮ ਨੂੰ ਹੀ ਦਰਸਾਉਂਦੀਆਂ ਹਨ । ਤੂੰ ਸਚੇ ਗੁਰਾਂ, ਆਪਣੇ ਪੂਰਨ ਗੁਰਾਂ ਦਾ ਚਿੰਤਨ ਕਰ ਅਤੇ ਤੇਰੇ ਸਾਰੇ ਕਸਮਲ ਤੇ ਕੁਕਰਮ ਕਟੇ ਜਾਣਗੇ । ਪਰਮ ਚੰਗੇ ਨਸੀਬਾਂ ਰਾਹੀਂ ਬੈਕੁੰਠੀ ਖ਼ੁਸ਼ੀ ਪਰਾਪਤ ਹੁੰਦੀ ਹੈ ਅਤੇ ਸੁਆਮੀ ਵਾਹਿਗੁਰੂ ਚਿਤ ਨੂੰ ਮਿਠਾ ਲਗਦਾ ਹੈ । ਗੋਲਾ ਨਾਨਕ ਆਖਦਾ ਹੈ ਕਿ ਪਹਿਲੇ ਫੇਰੇ ਦੁਆਰਾ ਅਨੰਦ ਕਾਰਜ ਸ਼ੁਰੂ ਹੋ ਗਿਆ ਹੈ ।

*ਸਾਰੰਗ ਮਹਲਾ ੫ ॥*

ਠਾਕੁਰ ਤੁਮ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥ ਅਨ ਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥ ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥ ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫॥੧॥੭੪॥

O Lord, I have sought Thy refuge. The anxiety of my mind has departed, since I obtained Thine vision. Pause. Without my speaking, Thou knowest my state and makes me utter Thy Name. Singing Thy praise my sorrow has fled, I am merged in peace and poise and am in utter bliss. Taking my arm, Thou hast pulled me out of the blind well of worldly attachments and mammon. Says Nanak, the Guru has broken my bonds and has united me with God, from whom I was separated.

ਅਰਥ : ਹੇ ਸੁਆਮੀ ! ਮੈਂ ਤੇਰੀ ਸ਼ਰਣਾਗਤ ਸੰਭਾਲੀ ਹੈ । ਜਦੋਂ ਦਾ ਮੈਨੂੰ ਤੇਰਾ ਦੀਦਾਰ ਪਰਾਪਤ ਹੋਇਆ ਹੈ ਮੇਰੇ ਚਿਤ ਦਾ ਫਿਕਰ ਦੂਰ ਹੋ ਗਿਆ ਹੈ । ਠਹਿਰਾਉ। ਮੇਰੇ ਬੋਲਣ ਦੇ ਬਿਨਾਂ, ਤੂੰ ਮੇਰੀ ਅਵਸਥਾ ਨੂੰ ਜਾਣਦਾ ਤੇ ਮੇਰੇ ਕੋਲੋਂ ਆਪਣੇ ਨਾਮ ਦਾ ਜਪ ਕਰਵਾਉਂਦਾ ਹੈ । ਤੇਰੀ ਮਹਿਮਾ ਗਾਇਨ ਕਰ, ਮੇਰਾ ਦੁਖੜਾ ਦੌੜ ਗਿਆ ਹੈ, ਮੈਂ ਆਰਾਮ ਤੇ ਅਡੋਲਤਾ ਵਿਚ ਲੀਨ ਹੋ ਗਿਆ ਹਾਂ ਅਤੇ ਪਰਮ ਖ਼ੁਸ਼ੀ ਅੰਦਰ ਹਾਂ । ਮੈਨੂੰ ਭੁਜਾ ਤੋਂ ਫੜ ਕੇ, ਤੂੰ ਮੈਨੂੰ ਸੰਸਾਰੀ ਲਗਨ ਅਤੇ ਮੋਹਨੀ ਦੇ ਅੰਨ੍ਹੇ ਖੂਹ ਵਿਚੋਂ ਬਾਹਰ ਧੂ ਲਿਆ ਹੈ । ਗੁਰੂ ਜੀ ਆਖਦੇ ਹਨ, ਗੁਰਾਂ ਨੇ ਮੇਰੀਆਂ ਬੇੜੀਆਂ ਕਟ ਛਡੀਆਂ ਹਨ ਅਤੇ ਮੈਨੂੰ ਹਰੀ ਨਾਲ ਮਿਲਾ ਦਿਤਾ ਹੈ, ਜਿਸ ਨਾਲੋਂ ਮੈਂ ਵਿਛੁੜਿਆ ਹੋਇਆ ਸੀ ।

*ਜਲੰਧਰ :- ਸੰਗੀਤ ਕਲਾ ਮੰਚ (ਰਜਿ:) ਜਲੰਧਰ ਦੇ ਮੁਖ ਸਕੱਤਰ ਡਾ. ਜੋਗਿੰਦਰ ਬਾਵਰਾ ਸੂਚਨਾ ਦਿੰਦੇ ਹਨ ਕਿ ਮੰਚ ਦਾ 32 ਵਾਂ ਸੰਗੀਤ ਸੰਮੇਲਨ 5 ਅਕਤੂਬਰ 1997 ਦਿਨ ਐਤਵਾਰ ਨੂੰ 3.00 ਵਜੇ ਬਾਦ ਦੁਪਹਿਰ ਤੋਂ ਸ਼ਾਮ 6.30 ਤਕ ਗੁਰੂ ਨਾਨਕ ਦੇਵ ਲਾਇਬ੍ਰੇਰੀ, ਜਲੰਧਰ ਵਿਖੇ ਹੋ ਰਿਹਾ ਹੈ । ਇਹ ਸੰਮੇਲਨ ਬਾਬਾ ਹਰਿਬਲਭ ਜੀ ਨੂੰ ਸਮਰਪਿਤ ਹੋਵੇਗਾ । ਇਸ ਵਿੱਚ ਬੰਬਈ ਦੇ ਡਾ. ਪ੍ਰਕਾਸ਼ ਸੰਗੀਤ, ਦਿਲੀ ਦੇ ਸ੍ਰੀ ਭੋਲਾ ਨਾਥ ਮਿਸ਼ਰ, ਸ੍ਰੀ ਸੁਰਜੀਤ ਸਿੰਘ (ਸਾਰੰਗੀ) ਪੰ, ਰਮਾਂਕਾਂਤ, ਸ੍ਰੀ ਤਿਲਕ ਰਾਜ ਤੇ ਹੋਰ ਕਲਾਕਾਰ ਭਾਗ ਲੈਣਗੇ । ਇਸ ਮੌਕੇ ਤੇ ਸੋਵੀਨਿਰ ਵੀ ਰਿਲੀਜ਼ ਕੀਤਾ ਜਾਵੇਗਾ ।*

ਪ੍ਰੋ. ਪਰਮਜੋਤ ਸਿੰਘ*

# ਰਾਗ ਸੂਹੀ ਤਾਲ ਰੂਪਕ

ਥਾਟ ਬਿਲਾਵਲ । ਵਾਦੀ ਪ । ਸੰਵਾਦੀ ਸ । ਜਾਤੀ ਸੰਪੂਰਣ । ਸਮਾਂ ਦਿਨ ਦੂਜਾ ਪਹਿਰ

ਅਰੋਹ : ਸ ਰ ਗ ਮ, ਰ ਗ ਮ ਪ, ਨ ਧ ਨ ਸਂ "

ਅਵਰੋਹ : ਸਂ ਨੁ ਧ ਪ, ਮ ਗ ਰ, ਗ ਰ ਸ "

ਪਕੜ : ਸਂ ਨੁ ਪ, ਮ ਗ ਰ ਗ, ਮ ਗ ਰ ਸ "

*ਨੋਟ :- ਜੇ ਮੱਧ ਸਪਤਕ ਦੇ ਤੀਜੇ ਕਾਲੇ ਸੁਰ ਨੂੰ ਸਾ ਮੰਨਕੇ ਇਹ ਰੀਤ ਗਾਈ ਜਾਵੇ ਤਾਂ ਵਧੇਰੇ ਪ੍ਰਭਾਵਸ਼ਾਲੀ ਬਣ ਜਾਵੇਗੀ ।*

## ਲਾਵਾ ਦੀ ਰੀਤ

### *ਸਥਾਈ*

| 0 | | | 2 | | 3 | |
|---|---|---|---|---|---|---|
| | | | | | ਸ | ਸ |
| | | | | ਸ | ਹ | ਰਿ |
| ਜਨ਼ੀ | ਧ਼ | ਨ਼ | ਸ | ਸ | ਸ | ਸ |
| ਪਹਿ | ਲ | ੜੀ | ਲਾ | ऽ | ऽ | ਵ |
| ਗਗਾ | ਗਗ | ਮ | ਮਗ | ਰਗ | ਸ | ਸ |
| ਪਰ | ਵਿਰ | ਤੀ | ਕऽ | ਰऽ | ਮ | ऽ |
| ਪਪ | ਪ | ਪ | ਪਧ | ਨੁ | ਨੁ | ਧ |
| ਦ੍ਰਿऽ | ੜਾ | ऽ | ਇਆ | ऽ | ਬ | ਲਿ |
| ਪਧ | ਪ | ਮ | ਮਗ | ਰਗ | ਸ | ਸ |
| ਰਾऽ | ਮ | ਜੀ | ਉऽ | ऽऽ | ऽ | ऽ |

*'ਬਾਣੀ ਬ੍ਰਹਮ-ਵੇਦ---' ਤੁਕ ਦੀ ਇਹਨਾਂ ਸੁਰਾਂ ਤੇ ਗਾਈ ਜਾਵੇ*

### *ਅੰਤਰਾ*

| | | | | | | |
|---|---|---|---|---|---|---|
| ਪਪ | ਪ | ਪ | ਪਧ | ਨੁ | ਨੁ | ਧ |
| ਧਰ | ਮ | ਦ੍ਰਿ | ੜਹੁ | ऽ | ਹ | ਰਿ |
| ਧਨ | ਸਂ | ਸਂ | ਸਂਸਂ | ਰਂ | ਸਂ | ਸ |
| ਨਾऽ | ऽ | ਮ | ਧਿਆ | ऽ | ਵ | ਹੁ |
| ਸੰਰਂ | ਗਂ | ਮਂ | ਗਂ | ਰੇਂ | ਸ | ਸਂ |
| ਸਿਮਿ | ਰ | ਤਿ | ਨਾ | ऽ | ਮ | ऽ |
| ਪਧ | ਪ | ਮ | ਮਗ | ਰਗ | ਸ | ਸ |
| ਦ੍ਰਿऽ | ੜਾ | ऽ | ਇऽ | ऽऽ | ਆ | ऽ |

*ਅਗਲਾ ਅੰਤਰਾ ਉਪਰੋਕਤ ਅਨੁਸਾਰ*

** ਲੇਖਕ ਸੰਗੀਤ ਗਾਇਣ ਵਿੱਚ ਐਮ.ਏ. ਹੈ । ਆਪ ਪ੍ਰਸਿੱਧ ਕੀਰਤਨੀਏ ਭਾਈ ਸਮੁੰਦ ਸਿੰਘ ਦੇ ਸ਼ਗਿਰਦ ਹਨ। ਉਸੇ ਸ਼ੈਲੀ ਵਿੱਚ ਕੀਰਤਨ ਕਰਦੇ ਹਨ । ਆਪਨੇ ਕਈ ਨੋਟੇਸ਼ਨਾਂ ਬਣਾਈਆਂ ਹਨ । ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿੱਚ ਸ਼ਬਦਾਂ ਦੀਆ ਸੁਰ ਲਿਪੀਆਂ ਦੀ ਪੁਸਤਕ ਛਪਾਈ ਅਧੀਨ ਹੈ । ਆਪਨੇ ਭਾਈ ਸਮੁੰਦ ਜੀ ਬਾਰੇ ਪੁਸਤਕ 'ਸਵੱਰ ਸਮੁੰਦ' ਦੀ ਰਚਨਾ ਵੀ ਕੀਤੀ ਹੈ । ਇਸ ਵੇਲੇ ਪੰਜਾਬ ਸਿੰਧ ਬੈਂਕ ਦੇ ਡੀਵੋਸ਼ਨਲ ਮਿਊਜ਼ਿਕ ਆਰਕਾਈਵਜ਼ ਜਲੰਧਰ ਵਿੱਚ ਇੰਚਾਰਜ ਹਨ ।*

## ਸ: ਰਾਜਿੰਦਰ ਸਿੰਘ

# ਬ੍ਰਿੰਦਾਵਨੀ ਸਾਰੰਗ

ਵਾਦੀ ਰ । ਸੰਵਾਦੀ ਪ । ਥਾਟ ਕਾਫੀ । ਜਾਤੀ-ਓਡਵ ਓਡਵ ।
ਸਮਾਂ ਦਿਨ ਦੂਜਾ ਪਹਿਰ (ਦੁਪਹਿਰ)
ਆਰੋਹ : ਨ਼ ਸ, ਰ, ਮ ਪ, ਨ ਸਂ "
ਅਵਰੋਹ : ਸਂ, ਨੁ ਪ, ਮ ਰ, ਸ "

### ਅਸਥਾਈ-ਤੀਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਪਨਿ | ਸਂਰਂ | ਸਂ | ਨ਼ਿ | ਪ- | ਮ | ਰ | ਨ਼ਸ |
| | | | | | | | | ਠਾs | ss | ਕੁ | ਰ | ਤੁs | ਮ | ਸ | ਰs |
| | | | | ਪ | | | | | | | ਮ | | | | |
| ਰ | - | ਰ | ਨ਼ | ਸ | - | ਸ- | - | - | ਨ਼ਨ਼ | ਸ | ਰ | ਨ਼- | ਪ਼ | ਨ਼ | ਨ਼ |
| ਣਾ | s | ਈ | s | ਆ | s | ਇਆ | s | s | ਉਤ | ਰਿ | ਗ | ਇਓ | s | ਮੇ | ਰੇ |
| | | | ਰ | | | | | | ਮ | ਪ | | | | | |
| ਸ | -ਸ | ਸ | ਨ਼ | ਸ | - | ਸ | - | - | ਰ- | ਮ | - | ਪ | ਪ | ਨ | ਸਂ |
| ਮ | sਨ | ਕਾ | s | ਸੈਂ | s | ਸਾ | s | s | ਜਬ | ਤੇ | s | ਦ | ਰ | ਸ | ਨੁ |
| | | | | ਰਂ | | ਸ | | | | | | | | | |
| ਸਂ | - | - | - | ਨੁ- | - | ਪ | - | | | | | | | | |
| ਪਾ | s | s | s | ਇਆ | s | ਆ | s | | | | | | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | - | ਨ਼ਪ਼ | ਨ਼ | - | ਨ਼ | ਨ਼ | ਨ਼ | ਨ਼ |
| | | | | | | | | | ਅਨ | ਬੋ | s | ਲ | ਤ | ਮੇ | ਰੀ |
| | | | | ਨ਼ | | | | | | | | | | | |
| - | ਸ- | ਨ਼ | ਪ਼ | ਸ | - | ਸ | - | - | ਰ- | ਮਂ | - | ਪ | - | ਨ | ਨਸਂ |
| s | ਬਿਰ | ਥਾ | s | ਜਾ | s | ਨੀ | s | s | ਅਪ | ਨਾ | s | ਨਾ | s | ਮੁ | ਜs |
| | | | | ਪ | | ਮ | | | | | | | | | |
| ਸਂ | - | - | - | ਨੁ- | - | ਪ | - | - | ਰਂ- | ਰਂ | - | ਰਂ | - | ਰਂ | ਸਂ |
| ਪਾ | s | s | s | ਇਆ | s | ਆ | s | s | ਦੁਖ | ਨਾ | s | ਠੇ | s | ਸੁ | ਖ |
| | ਨ | | | | | | | | | | | | | | |
| - | ਸਂ | ਸਂ | ਸਂ | ਨਸਂ | ਰਂਸਂ | ਨੁ | ਪ | - | ਮ- | ਮ | ਪ | ਨ | ਨ | ਨ | ਸਂ |
| s | ਸਹਿ | ਜਿ | ਸ | ਮਾs | ss | ਏ | s | s | ਅਨ | ਦ | ਅ | ਨ | ਦ | ਗੁ | ਣ |
| | | | | ਪ | | | | | | | | | | | |
| ਸਂ | - | - | - | ਨੁ- | - | ਪਾ | - | | | | | | | | |
| ਗਾ | s | s | s | ਇਆ | s | ਆ | s | ਠਾs | ss | ਕੁ | ਰ | | | | |

*ਅਗਲਾ ਅੰਤਰਾ ਉਪਰੋਕਤ ਅਨੁਸਾਰ*

# 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

## 'ਅੰਮ੍ਰਿਤ ਕੀਰਤਨ' ਲਈ ਆਈ ਸਹਾਇਤਾ

| | |
|---|---|
| ਮਿਸਜ਼ ਲਵਪ੍ਰੀਤ ਕੌਰ, ਪਿੰਡ ਚੋਣੇ, ਜਿਲਾ ਗੁਰਦਾਸਪੁਰ | 100 ਰੁ. |
| ਸ੍ਰ. ਨਰਿੰਦਰ ਬੀਰ ਸਿੰਘ, ਚੰਡੀਗੜ੍ਹ | 100 ਰੁ. |
| ਲੈਫ. ਕਰਨਲ. ਬੀ. ਐਸ. ਸਿੱਧੂ | 100 ਰੁ. |
| ਸ੍ਰ. ਜਸਪਾਲ ਸਿੰਘ ਬਤਰਾ, ਚੰਡੀਗੜ੍ਹ | 100 ਰੁ. |
| ਮਿਸਜ਼ ਜਸਕਿਰਨ ਕੌਰ, ਨਵੀਂ ਦਿਲੀ | 100 ਰੁ. |
| ਪ੍ਰਿੰਸੀਪਲ ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ, ਲੁਧਿਆਣਾ | 100 ਰੁ. |
| ਸ੍ਰ. ਗੁਰਮੁਖ ਸਿੰਘ, ਜਾਪੋਵਾਲ | 100 ਰੁ. |
| ਪ੍ਰੋ. ਬਲਬੀਰ ਸਿੰਘ ਨੀਲਮ, ਨਵਾਂ ਸ਼ਹਿਰ | 100 ਰੁ. |
| ਸ੍ਰ. ਬਲਜੀਤ ਸਿੰਘ ਕਾਂਸਲ<br>ਸ੍ਰ. ਜਗਤਾਰ ਸਿੰਘ ਕਾਂਸਲ ਬੰਬਈ | 200 ਰੁ. |
| ਡਾ. ਪਰਮਿੰਦਰ ਕੌਰ, ਆਸਟ੍ਰੇਲੀਆ | 500 ਰੁ. |
| ਸ੍ਰ. ਬਲਬੀਰ ਸਿੰਘ c/o 56 APO | 100 ਰੁ. |
| ਗਿ:ਸੋਹਨ ਸਿੰਘ ਚੰਦਨ 'ਝਿੜੀ' | 100 ਰੁ. |
| ਸ੍ਰ. ਗੁਰਜੀਤ ਸਿੰਘ, 'ਮਾਤਾ ਗੁਜਰੀ ਬਿਰਧ ਘਰ, ਖਾਨਪੁਰ | 100 ਰੁ. |
| ਸ੍ਰ. ਧਰਮਬੀਰ ਸਿੰਘ, ਚੰਡੀਗੜ੍ਹ | 200 ਰੁ. |
| ਅੰਜਨਜੀਤ ਕੌਰ ਖੈਰਾ, ਬਾਸੀਆਂ | 100 ਰੁ. |
| ਸ੍ਰ. ਛਨਬੀਰ ਸਿੰਘ, ਜਲੰਧਰ | 100 ਰੁ. |

## ਵਿਸ਼ੇਸ਼ ਸਹਾਇਤਾ

| | |
|---|---|
| ਜੀ. ਐਸ. ਰੈਡੀਏਟਰ, ਲੁਧਿਆਣਾ | 500 ਰੁ. |
| ਸ੍ਰ. ਗੁਰਦਿਆਲ ਸਿੰਘ, ਆਈ. ਜੀ (ਰਿ.) ਚੰਡੀਗੜ੍ਹ | 200 ਰੁ. |
| ਪ੍ਰੋ. ਸਤਵਿੰਦਰ ਸਿੰਘ, ਨਵਾਂ ਸ਼ਹਿਰ | 100 ਰੁ. |
| ਐਸ. ਕੇ. ਸੈਣੀ ਆਰਕੀਟੈਕਟ, ਚੰਡੀਗੜ੍ਹ | 1000 ਰੁ. |
| ਮਿਸਜ਼ ਜੀ. ਕੇ. ਸੰਧੂ, ਚੰਡੀਗੜ੍ਹ | 100 ਰੁ. |
| ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ, ਚੰਡੀਗੜ੍ਹ | 600 ਰੁ. |


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।*

*ਇਸ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।*

*ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ*

*ਪ੍ਰਕਾਸ਼ਕ : ਅੰਮ੍ਰਿਤ ਕੀਰਤ ਟ੍ਰਸਟ ਕੀਮਤ : ਸਜਿਲਦ-70 ਰੁ. ਪੇਪਰ ਬੈਕ : 50 ਰੁ.*

*422, ਸੈਕਟਰ 15-ਏ, ਚੰਡੀਗੜ੍ਹ-160 015*

## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤ੍ਰੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

# ਮਹੀਨਾ ਅਕਤੂਬਰ/ਕੱਤਕ

ਕਤਕਿ ਕਰਮ ਕਮਾਵਣੇ ਦੋਸੁ ਨਾ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥ ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥੯॥

| | | | |
|---|---|---|---|
| ਸੰਮਤ ਬਿਕ੍ਰਮੀ | 2054 | ਅਕਤੂਬਰ | ਸੰਗਰਾਂਦ 17 ਅਕਤੂਬਰ |
| ਸੰਮਤ ਨਾਨਕਸ਼ਾਹੀ | 528 | OCTOBER 1997 | ਪੂਰਨਮਾਸ਼ੀ 16 ਅਕਤੂਬਰ |
| ਸੰਮਤ ਖਾਲਸਾ | 299 | | ਮਸਿਆ 1,31ਅਕਤੂਬਰ |
| ਸੰਮਤ ਸ਼ਾਕਾ | 1919 | | ਪੰਚਮੀ 7 ਅਕਤੂਬਰ |

| | | | | | |
|---|---|---|---|---|---|
| ਐਤ SUN | ✪ | 5<br>20 ਅੱਸੂ<br>ਅੱਸੂ ਸੁਦੀ 4 | 12<br>27 ਅੱਸੂ<br>ਅੱਸੂ ਸੁਦੀ 11 | 19<br>3 ਕੱਤਕ<br>ਕਤਕ ਵਦੀ 4 | 26<br>10 ਕੱਤਕ<br>ਕਤਕ ਵਦੀ 11 |
| ਸੋਮ MON | ✪ | 6<br>21 ਅੱਸੂ<br>ਅੱਸੂ ਸੁਦੀ 5 | 13<br>28 ਅੱਸੂ<br>ਅੱਸੂ ਸੁਦੀ 12 | 20<br>4 ਕੱਤਕ<br>ਕਤਕ ਵਦੀ 5 | 27<br>11 ਕੱਤਕ<br>ਕਤਕ ਵਦੀ 12 |
| ਮੰਗਲ TUE | ✪ | 7<br>22 ਅੱਸੂ<br>ਅੱਸੂ ਸੁਦੀ 5 | 14<br>29 ਅੱਸੂ<br>ਅੱਸੂ ਸੁਦੀ 13 | 21<br>5 ਕੱਤਕ<br>ਕਤਕ ਵਦੀ 6 | 28<br>12 ਕੱਤਕ<br>ਕਤਕ ਵਦੀ 12 |
| ਬੁੱਧ WED | 1<br>16 ਅੱਸੂ<br>ਮੱਸਿਆ | 8<br>23 ਅੱਸੂ<br>ਅੱਸੂ ਸੁਦੀ 6-7 | 15<br>30 ਅੱਸੂ<br>ਅੱਸੂ ਸੁਦੀ 14 | 22<br>6 ਕੱਤਕ<br>ਕਤਕ ਵਦੀ 7 | 29<br>13 ਕੱਤਕ<br>ਕਤਕ ਵਦੀ 13 |
| ਵੀਰ THU | 2<br>17 ਅੱਸੂ<br>ਅੱਸੂ ਸੁਦੀ 1 | 9<br>24 ਅੱਸੂ<br>ਅੱਸੂ ਸੁਦੀ 8 | 16<br>31 ਅੱਸੂ<br>ਪੂਰਨ:,ਕ:ਵ: 1 | 23<br>7 ਕੱਤਕ<br>ਕਤਕ ਵਦੀ 8 | 30<br>14 ਕੱਤਕ<br>ਕਤਕ ਵਦੀ 14 |
| ਸ਼ੁੱਕਰ FRI | 3<br>18 ਅੱਸੂ<br>ਅੱਸੂ ਸੁਦੀ 2 | 10<br>25 ਅੱਸੂ<br>ਅੱਸੂ ਸੁਦੀ 9 | 17<br>1 ਕੱਤਕ<br>ਕਤਕ ਵਦੀ 8 | 24<br>8 ਕੱਤਕ<br>ਕਤਕ ਵਦੀ 9 | 31<br>15 ਕੱਤਕ<br>ਮੱਸਿਆ |
| ਸ਼ਨੀ SAT | 4<br>19 ਅੱਸੂ<br>ਅੱਸੂ ਸੁਦੀ 3 | 11<br>26 ਅੱਸੂ<br>ਅੱਸੂ ਸੁਦੀ 10 | 18<br>2 ਕੱਤਕ<br>ਕਤਕ ਵਦੀ 3 | 25<br>9 ਕੱਤਕ<br>ਕਤਕ ਵਦੀ 10 | ✪ |

ਅਰਥ : ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ) ਨਾਲੋਂ ਵਿਛੋੜਾ ਰਿਹਾ, ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ, ਕਿਸੇ ਹੋਰ ਦੇ ਮੱਥੇ ਕੋਈ ਦੋਸ ਨਹੀਂ ਲਾਇਆ ਜਾ ਸਕਦਾ । ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ-ਕਲੇਸ਼ ਜੋਰ ਪਾ ਲੈਂਦੇ ਹਨ । ਜਿਨ੍ਹਾਂ ਨੇ (ਇਸ ਜਨਮ ਵਿਚ) ਪਰਮਾਤਮਾ (ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ, ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ, ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿਚ ਦੁਖਦਾਈ ਹੋ ਜਾਂਦੀਆਂ ਹਨ, (ਉਸ ਦੁਖੀ ਹਾਲਤ ਵਿਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਤੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ । (ਹਾਂ) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ ।

(ਨਾਨਕ ਦੀ ਤਾਂ ਇਹੀ ਬੇਨਤੀ ਹੈ) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ ।

ਕੱਤਕ (ਦੀ ਸੁਆਦਲੀ ਰੁੱਤ) ਵਿਚ ਜਿਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ) ਸਾਰੇ ਚਿੰਤਾ-ਝੋਰੇ ਮੁੱਕ ਜਾਂਦੇ ਹਨ ।

## ਗੁਰਪੁਰਬ

| | |
|---|---|
| ਪਾ : ੪ ਅਵਤਾਰ ਧਾਰਿਆ | 17 ਅਕਤੂਬਰ |
| ਪਾ: ੮ ਗੁਰਿਆਈ ਮਿਲੀ | 24 ਅਕਤੂਬਰ |
| ਪਾ: ੭ ਜੋਤੀ ਜੋਤ ਸਮਾਏ | 24 ਅਕਤੂਬਰ |

## ਦਿਨ ਦਿਹਾਰ ਤੇ ਛੁੱਟੀਆ

| | |
|---|---|
| ਜਨਮ ਮਹਾਤਮਾਂ ਗਾਂਧੀ | 2 ਅਕਤੂਬਰ |
| ਸ੍ਰੀ ਦੁਰਗਾ ਅਸ਼ਟਮੀ | 9 ਅਕਤੂਬਰ |
| ਦੁਸਹਿਰਾ | 11 ਅਕਤੂਬਰ |
| ਜਨਮ ਰਿਸ਼ੀ ਬਾਲਮਿਕ | 16 ਅਕਤੂਬਰ |
| ਦੀਵਾਲੀ | 30 ਅਕਤੂਬਰ |

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ ।*

T ਸਿਰੀਜ਼ ਪੇਸ਼ ਕਰਦੇ ਹਨ



**ਡਾ. ਜਾਗੀਰ ਸਿੰਘ** ਚੰਡੀਗੜ੍ਹ ਵਾਲਿਆਂ

ਦੀ

ਆਵਾਜ਼ ਵਿੱਚ

ਸ਼ਬਦ ਗੁਰਬਾਣੀ ਦੀ ਕੈਸੱਟ

**ਸਭ ਬਿਧਿ ਤੁਮ ਹੀ ਜਾਨਤੇ**

ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ।

*sohal specials*
Page : 9610 - 8677

Regd. NO. PB/CH-155
RNI Regd No. 46788/89

**BOOK POST**
(Printed Matter)

To

________________________________________
________________________________________
________________________________________

*If undelivered please return to*
**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 10 ਸਾਲ ਨੌਵਾਂ ਅਕਤੂਬਰ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।

STATE OF ART HEARING AIDS

AVAILABLE IN ALL MODELS

BONE CONDUCTION SPECTACLE

AIR CONDUCTION SPECTACLE

IN THE CANAL

BEHIND THE EAR

POCKET MODEL AND MANY MORE

ATTRACTIVE MODELS

*VISIT*

**DR. PREETI AHUJA**

"SOUNDS"

**THE HEARING AID PEOPLE**

C-353, DEFENCE COLONY

NEW DELHI : 110024